# ਪੀਸ ਬੌਂਡ ਮੰਗਣਾ: ਇਕ ਗਾਈਡ



ਇਹ ਸ੍ਰੋਤ ਬੀ ਸੀ ਵਿਚਲੇ ਕਿਸੇ ਵੀ ਉਸ ਵਿਅਕਤੀ ਲਈ ਹੈ ਜਿਸ ਨੂੰ ਆਪਣੀ ਸੇਫਟੀ ਬਾਰੇ ਡਰ ਹੈ ਅਤੇ ਜਿਹੜਾ ਕਿਸੇ ਖਾਸ ਵਿਅਕਤੀ ਜਾਂ ਲੋਕਾਂ ਤੋਂ ਰੱਖਿਆ ਲਈ ਕੋਰਟ ਤੋਂ ਆਰਡਰ ਮੰਗ ਰਿਹਾ ਹੈ।

Rise
WOMEN'S LEGAL CENTRE

JANUARY 2023 EDITION [PUNJABI]

ਸੇਫਟੀ ਬਾਰੇ ਸਾਵਧਾਨੀ: ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਸ ਸਮੇਂ ਦੌਰਾਨ ਤੁਹਾਡੀ ਰੱਖਿਆ ਕਰਨ ਲਈ ਕੋਈ ਕਾਨੂੰਨੀ ਆਰਡਰ ਲਾਗੂ ਨਹੀਂ ਹੋਵੇਗਾ ਜਦੋਂ ਤੁਸੀਂ ਪੀਸ ਬੌਂਡ ਲਈ ਅਪਲਾਈ ਕਰ ਰਹੇ ਹੁੰਦੇ ਹੋ। ਇਸ ਕਾਰਵਾਈ ਨੂੰ ਲੰਬਾ ਸਮਾਂ ਲੱਗ ਸਕਦਾ ਹੈ। ਜੇ ਤੁਸੀਂ ਇਹ ਸੋਚਦੇ ਹੋਵੋ ਕਿ ਜਿਸ ਵਿਅਕਤੀ ਖਿਲਾਫ ਤੁਸੀਂ ਪੀਸ ਬੌਂਡ ਮੰਗ ਰਹੇ ਹੋ, ਉਹ ਤੁਹਾਡੀ ਐਪਲੀਕੇਸ਼ਨ ਦਾ ਨੋਟਿਸ ਮਿਲਣ ਤੋਂ ਬਾਅਦ ਅਤੇ ਜੱਜ ਵਲੋਂ ਤੁਹਾਡੀ ਐਪਲੀਕੇਸ਼ਨ 'ਤੇ ਸੁਣਵਾਈ ਕਰਨ ਤੋਂ ਪਹਿਲਾਂ ਤੁਹਾਨੂੰ ਨੁਕਸਾਨ ਪਹੁੰਚਾ ਸਕਦਾ ਹੈ ਜਾਂ ਧਮਕਾ ਸਕਦਾ ਹੈ ਤਾਂ ਤੁਹਾਨੂੰ ਆਪਣੀ ਸੇਫਟੀ ਲਈ ਪਲੈਨ ਬਣਾਉਣੀ ਚਾਹੀਦੀ ਹੈ। ਆਪਣੇ ਏਰੀਏ ਵਿਚ ਸੇਵਾਵਾਂ ਲੱਭਣ ਬਾਰੇ ਵਿਕਟਿਮਲਿੰਕ ਨੂੰ 1-800-563-0808 'ਤੇ ਫੋਨ ਕਰੋ। ਇਹ ਮੁਫਤ, ਗੁਪਤ, ਕਈ ਬੋਲੀਆਂ ਵਿਚ ਸਰਵਿਸ ਦਿਨ ਦੇ 24 ਘੰਟੇ, ਹਫਤੇ ਦੇ 7 ਦਿਨ ਉਪਲਬਧ ਹੈ।

ਜੇ ਕਦੇ ਕੋਈ ਐਮਰਜੰਸੀ ਹੋ ਜਾਵੇ ਤਾਂ ਤੁਹਾਨੂੰ 911 ਨੂੰ ਫੋਨ ਕਰਨਾ ਚਾਹੀਦਾ ਹੈ।

ਨੋਟ: ਇਹ ਸ੍ਰੋਤ ਸਿਰਫ *ਕ੍ਰਿਮੀਨਲ ਕੋਡ* ਦੇ ਸੈਕਸ਼ਨ 810 ਹੇਠ ਆਰਡਰ ਕੀਤੇ ਗਏ ਪੀਸ ਬੌਂਡਜ਼ ਬਾਰੇ ਦੱਸਦਾ ਹੈ। ਇਹ ਕੌਮਨ ਲਾਅ ਪੀਸ ਬੌਂਡਜ਼ ਜਾਂ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰਾਂ ਬਾਰੇ ਨਹੀਂ ਦੱਸਦਾ।

ਇਸ ਲਿਖਤ ਵਿਚ ਕਾਨੂੰਨੀ ਸਲਾਹ ਨਹੀਂ ਹੈ। ਜੇ ਤੁਹਾਨੂੰ ਜਾਂ ਤੁਹਾਡੇ ਕਿਸੇ ਨੇੜਲੇ ਨੂੰ ਕਾਨੂੰਨੀ ਸਲਾਹ ਦੀ ਲੋੜ ਹੋਵੇ ਤਾਂ ਕਿਰਪਾ ਕਰਕੇ ਕਿਸੇ ਵਕੀਲ ਨਾਲ ਸਲਾਹ ਕਰੋ।




## ਵਿਸ਼ਾ-ਵਸਤੂ


ਮੈਂ ਪੀਸ ਬੌਂਡ ਕਦੋਂ ਮੰਗ ਸਕਦੀ/ਸਕਦਾ ਹਾਂ? ....... 3

ਪੀਸ ਬੌਂਡ ਕੀ ਕਰਦਾ ਹੈ? ....... 4

ਪੀਸ ਬੌਂਡ ਕਿੰਨਾ ਸਮਾਂ ਰਹਿੰਦਾ ਹੈ? ....... 5

ਪੀਸ ਬੌਂਡ ਲੈਣ ਲਈ ਮੈਨੂੰ ਕੀ ਸਾਬਤ ਕਰਨਾ ਪਵੇਗਾ? ....... 5

ਪੁਲੀਸ ਦੀ ਮਦਦ ਨਾਲ ਪੀਸ ਬੌਂਡ ਲੈਣਾ ....... 6

ਮੈਂ ਪੀਸ ਬੌਂਡ ਕਿਵੇਂ ਲੈ ਸਕਦੀ/ਸਕਦਾ ਹਾਂ? ....... 6

ਪੁਲੀਸ ਦੀ ਮਦਦ ਤੋਂ ਬਿਨਾਂ ਪੀਸ ਬੌਂਡ ਲੈਣਾ ....... 8

ਪੀਸ ਬੌਂਡ ਬਾਰੇ ਕੁਝ ਆਮ ਮਿੱਥਾਂ ਕੀ ਹਨ? ....... 9

ਪੀਸ ਬੌਂਡਜ਼ ਅਤੇ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਦੀ ਤੁਲਨਾ ਕਰਨਾ ....... 10

ਆਮ ਪੁੱਛੇ ਜਾਣ ਵਾਲੇ ਸਵਾਲ ....... 11



ਲੇਖਕ ਯੂਨਾ ਲੀ ਅਤੇ ਹੈਲੀ ਰਾਏਮੈਕ

ਚਿੱਤਰ ਐਨਾ ਸੇਮਨਚੈਂਕੋ
ਗ੍ਰਾਫਿਕ ਡਿਜ਼ਾਇਨ ਨਾਦੀਨ ਰੈਂਹਬੀ



ਇਸ ਪ੍ਰੋਜੈਕਟ ਲਈ ਫੰਡ
ਡਿਪਾਰਟਮੈਂਟ ਔਫ ਜਸਟਿਸ
ਕੈਨੇਡਾ ਤੋਂ ਮਿਲੇ ਹਨ

Ministère de la Justice Canada    Department of Justice Canada

Rise
WOMEN'S LEGAL CENTRE

**ਇਹ ਵਸੀਲਾ ਬੀ ਸੀ ਵਿਚ ਉਸ ਹਰ ਇਕ ਲਈ ਹੈ ਜਿਸ ਨੂੰ ਆਪਣੀ ਸੇਫਟੀ ਦਾ ਖਤਰਾ ਹੈ** ਅਤੇ ਜਿਹੜਾ ਕਿਸੇ ਖਾਸ ਵਿਅਕਤੀ ਜਾਂ ਲੋਕਾਂ ਤੋਂ ਰੱਖਿਆ ਵਾਸਤੇ ਕੋਰਟ ਤੋਂ ਆਰਡਰ ਦੀ ਮੰਗ ਕਰ ਰਿਹਾ ਹੈ। ਪੀਸ ਬੌਂਡ ਤੁਹਾਡੇ ਲਈ ਸਭ ਤੋਂ ਬਿਹਤਰ ਚੋਣ ਹੋ ਸਕਦਾ ਹੈ ਜੇ ਜਿਸ ਵਿਅਕਤੀ ਤੋਂ ਤੁਸੀਂ ਰੱਖਿਆ ਦੀ ਮੰਗ ਕਰ ਰਹੇ ਹੋ ਉਹ *ਫੈਮਿਲੀ ਲਾਅ ਐਕਟ* ਵਿਚਲੀ "ਪਰਿਵਾਰਕ ਮੈਂਬਰ" ਦੀ ਪਰਿਭਾਸ਼ਾ ਵਿਚ ਨਹੀਂ ਆਉਂਦਾ ਹੈ। ਜਿਸ ਵਿਅਕਤੀ ਤੋਂ ਤੁਸੀਂ ਰੱਖਿਆ ਮੰਗ ਰਹੇ ਹੋ ਜੇ ਉਹ ਅਜਿਹਾ ਵਿਅਕਤੀ ਹੈ ਜਿਹੜਾ ਤੁਹਾਡੇ ਖਿਆਲ ਵਿਚ "ਪਰਿਵਾਰਕ ਮੈਂਬਰ" ਦੀ ਪਰਿਭਾਸ਼ਾ ਵਿਚ ਆ ਸਕਦਾ ਹੈ ਤਾਂ ਤੁਸੀਂ ਇਸ ਦੀ ਬਜਾਏ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲੈਣ ਦੇ ਯੋਗ ਹੋ ਸਕਦੇ ਹੋ।

## ਮੈਂ ਪੀਸ ਬੌਂਡ ਕਦੋਂ ਮੰਗ ਸਕਦੀ/ਸਕਦਾ ਹਾਂ?

ਤੁਸੀਂ ਪੀਸ ਬੌਂਡ ਇਨ੍ਹਾਂ ਦੋ ਹਾਲਤਾਂ ਵਿੱਚੋਂ ਕਿਸੇ ਲਈ ਵੀ ਮੰਗ ਸਕਦੇ ਹੋ:

- ਸੇਫਟੀ ਲਈ ਡਰ: ਤੁਸੀਂ ਡਰਦੇ ਹੋ ਕਿ ਕੋਈ ਤੁਹਾਨੂੰ, ਤੁਹਾਡੇ ਬੱਚੇ ਨੂੰ, ਤੁਹਾਡੇ ਸਪਾਊਸ (ਪਤੀ/ਪਤਨੀ) ਜਾਂ ਕੌਮਨ-ਲਾਅ ਪਾਰਟਨਰ, ਜਾਂ ਤੁਹਾਡੀ ਪ੍ਰਾਪਰਟੀ (ਸਮੇਤ ਪਾਲਤੂ ਜਾਨਵਰਾਂ ਦੇ) ਨੂੰ "ਨਿੱਜੀ ਹਾਨੀ" ਪਹੁੰਚਾ ਸਕਦਾ ਹੈ।
- ਔਨਲਾਈਨ ਬਦਲੇ ਦਾ ਡਰ: ਤੁਸੀਂ ਡਰਦੇ ਹੋ ਕਿ ਕੋਈ ਤੁਹਾਡੇ ਨਿੱਜੀ ਕਾਮੁਕ ਚਿੱਤਰਾਂ (ਜਿਸ ਵਿਚ ਫੋਟੋਆਂ ਜਾਂ ਵੀਡਿਓਜ਼ ਸ਼ਾਮਲ ਹਨ) ਨੂੰ ਸ਼ੇਅਰ ਕਰੇਗਾ ਜਾਂ ਜਾਰੀ ਕਰੇਗਾ।

ਪੀਸ ਬੌਂਡ *ਕਿਸੇ* ਤੋਂ ਵੀ ਰੱਖਿਆ ਪ੍ਰਦਾਨ ਕਰ ਸਕਦੇ ਹਨ, ਜਿਸ ਵਿਚ ਮੌਜੂਦਾ ਜਾਂ ਪਿਛਲਾ ਪਾਰਟਨਰ ਵੀ ਸ਼ਾਮਲ ਹੈ, ਭਾਵੇਂ ਉਸ ਵਿਅਕਤੀ ਨਾਲ ਹੁਣ ਤੁਹਾਡਾ ਸੰਬੰਧ ਕੋਈ ਵੀ ਹੈ।

ਕੋਈ ਵੀ ਪੀਸ ਬੌਂਡ ਮੰਗ ਸਕਦਾ ਹੈ ਜੇ ਉਸ ਨੂੰ ਡਰ ਹੋਵੇ ਕਿ ਕਿ ਕੋਈ ਉਸ ਨੂੰ, ਉਸ ਦੇ ਬੱਚੇ ਨੂੰ, ਉਸ ਦੇ ਸਪਾਊਸ ਜਾਂ ਕੌਮਨ-ਲਾਅ ਪਾਰਟਨਰ, ਜਾਂ ਉਸ ਦੀ ਪ੍ਰਾਪਰਟੀ (ਸਮੇਤ ਪਾਲਤੂ ਜਾਨਵਰਾਂ ਦੇ) ਨੂੰ "ਨਿੱਜੀ ਹਾਨੀ" ਪਹੁੰਚਾ ਸਕਦਾ ਹੈ।



# ਪੀਸ ਬੌਂਡ ਕੀ ਕਰਦਾ ਹੈ?

*ਕ੍ਰਿਮੀਨਲ ਕੋਡ* ਦੇ ਸੈਕਸ਼ਨ 810 ਹੇਠ, ਪੀਸ ਬੌਂਡ, ਕੋਰਟ ਦਾ ਆਰਡਰ ਹੈ ਜਿਹੜਾ ਉਸ ਵਿਅਕਤੀ ਤੋਂ “ਸ਼ਾਂਤੀ ਰੱਖਣ” ਅਤੇ ਪੀਸ ਬੌਂਡ ਵਿਚ ਪਾਈਆਂ ਗਈਆਂ ਹੋਰ ਸ਼ਰਤਾਂ ਦੀ ਪਾਲਣਾ ਕਰਨ ਦੀ ਮੰਗ ਕਰਦਾ ਹੈ ਜਿਸ ਤੋਂ ਤੁਸੀਂ ਡਰ ਰਹੇ ਹੋ। ਪੀਸ ਬੌਂਡ “ਜ਼ਮਾਨਤ” ਦੀ ਇਕ ਕਿਸਮ ਹੈ ਜਿਸ ਦਾ ਮਤਲਬ ਹੈ ਕਿ ਉਸ ਵਿਅਕਤੀ ਲਈ ਆਪਣੇ ਚੰਗੇ ਵਰਤਾਉ ਨੂੰ ਸੁਰੱਖਿਅਤ ਕਰਨ ਲਈ ਨਗਦੀ ਰਕਮ ਦਾ ਇਕਰਾਰ ਕਰਨਾ ਵੀ ਜ਼ਰੂਰੀ ਹੈ। ਜੇ ਉਹ ਪੀਸ ਬੌਂਡ ਵਿਚਲੀਆਂ ਸ਼ਰਤਾਂ ਦੀ ਉਲੰਘਣਾ ਕਰਦਾ ਹੈ ਜਾਂ ਇਹ ਤੋੜਦਾ ਹੈ ਤਾਂ ਉਸ ਨੂੰ ਉਹ ਪੈਸੇ ਦੇਣੇ ਪੈ ਸਕਦੇ ਹਨ ਜਿਨ੍ਹਾਂ ਦਾ ਉਸ ਨੇ ਕੋਰਟ ਕੋਲ ਇਕਰਾਰ ਕੀਤਾ ਸੀ।

ਕੋਰਟ ਵਿਅਕਤੀ ਨੂੰ ਇਹ ਆਰਡਰ ਵੀ ਦੇ ਸਕਦੀ ਹੈ:

- ਤੁਹਾਡੇ, ਤੁਹਾਡੇ ਸਪਾਊਸ, ਜਾਂ ਤੁਹਾਡੇ ਬੱਚੇ ਨਾਲ ਸੰਪਰਕ ਨਾ ਕਰਨ ਦਾ;
- ਤੁਹਾਡੀ ਰਿਹਾਇਸ਼ ਜਾਂ ਕੰਮ ਦੀ ਥਾਂ ’ਤੇ ਨਾ ਜਾਣ ਦਾ;
- ਤੁਹਾਨੂੰ ਫੋਨ ਨਾ ਕਰਨ ਦਾ;
- ਤੁਹਾਨੂੰ ਟੈਕਸਟ ਮੈਸੇਜ ਜਾਂ ਚਿੱਠੀਆਂ ਨਾ ਭੇਜਣ ਦਾ;
- ਨਸ਼ਿਆਂ ਜਾਂ ਸ਼ਰਾਬ ਦੀ ਵਰਤੋਂ ਨਾ ਕਰਨ ਦਾ;
- ਆਪਣੇ ਕੋਲ ਕੋਈ ਹਥਿਆਰ ਨਾ ਰੱਖਣ ਦਾ; ਜਾਂ
- ਕਿਸੇ ਵੀ ਹੋਰ ਸ਼ਰਤ ਦੀ ਪਾਲਣਾ ਕਰਨ ਦਾ ਜਿਹੜੀ ਕੋਰਟ ਤੁਹਾਨੂੰ ਨੁਕਸਾਨ ਤੋਂ ਰੋਕਥਾਮ ਕਰਨ ਲਈ ਜ਼ਰੂਰੀ ਸਮਝਦੀ ਹੈ।

ਇਹ ਸੋਚੋ ਕਿ ਕਿਹੜੀਆਂ ਸ਼ਰਤਾਂ ਜਾਂ ਹਾਲਤਾਂ ਸੁਰੱਖਿਅਤ ਮਹਿਸੂਸ ਕਰਨ ਵਿਚ ਤੁਹਾਡੀ ਮਦਦ ਕਰਨਗੀਆਂ। ਇਨ੍ਹਾਂ ਸ਼ਰਤਾਂ ਬਾਰੇ ਉਨ੍ਹਾਂ ਲੋਕਾਂ ਨੂੰ ਦੱਸੋ ਜਿਹੜੇ ਪੀਸ ਬੌਂਡ ਦੀ ਐਪਲੀਕੇਸ਼ਨ ਕਰਨ ਵਿਚ ਤੁਹਾਡੀ ਮਦਦ ਕਰ ਰਹੇ ਹਨ, ਜਿਵੇਂ ਕਿ ਸੁਪੋਰਟ ਵਰਕਰ, ਵਿਕਟਿਮ ਸਰਵਿਸਿਜ਼ ਵਰਕਰ, ਪੁਲੀਸ ਅਫਸਰ, ਜਾਂ ਕਰਾਊਨ ਕੌਂਸਲ (ਸਰਕਾਰੀ ਵਕੀਲ)। ਸ਼ਰਤਾਂ ਸਪਸ਼ਟ ਸ਼ਬਦਾਂ ਵਿਚ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਇਹ ਜਾਣਨਾ ਸੌਖਾ ਹੋਵੇ ਕਿ ਕੀ ਉਹ ਵਿਅਕਤੀ ਇਨ੍ਹਾਂ ਦੀ ਪਾਲਣਾ ਕਰ ਰਿਹਾ ਹੈ।

ਪੀਸ ਬੌਂਡ, ਕੋਰਟ ਦਾ ਇਕ ਆਰਡਰ ਹੈ ਜਿਹੜਾ ਉਸ ਵਿਅਕਤੀ ਤੋਂ “ਸ਼ਾਂਤੀ ਰੱਖਣ” ਅਤੇ ਪੀਸ ਬੌਂਡ ਵਿਚ ਉਸ ’ਤੇ ਲਾਗੂ ਕੀਤੀਆਂ ਗਈਆਂ ਹੋਰ ਸ਼ਰਤਾਂ ਦੀ ਪਾਲਣਾ ਕਰਨ ਦੀ ਮੰਗ ਕਰਦਾ ਹੈ ਜਿਸ ਤੋਂ ਤੁਸੀਂ ਡਰ ਰਹੇ ਹੋ।



ਪੀਸ ਬੌਂਡ ਮੁਜਰਮਾਨਾ ਜੁਰਮ (ਜਾਂ ਜੁਰਮ) ਤੋਂ ਵੱਖਰਾ ਹੈ। ਕ੍ਰਿਮੀਨਲ ਚਾਰਜਾਂ ਦੇ ਉਲਟ, ਪੀਸ ਬੌਂਡ ਰੋਕਥਾਮ ਕਰਨ ਵਾਲੇ ਹੁੰਦੇ ਹਨ। ਇਨ੍ਹਾਂ ਦਾ ਆਰਡਰ ਕੀਤਾ ਜਾ ਸਕਦਾ ਹੈ ਜਦੋਂ ਕਿਸੇ ਵਿਅਕਤੀ ਵਲੋਂ ਕੋਈ ਜੁਰਮ ਕਰਨ ਦੀ *ਸੰਭਾਵਨਾ* ਹੁੰਦੀ ਹੈ, ਪਰ ਇਹ ਯਕੀਨ ਕਰਨ ਦੇ ਵਾਜਬ ਆਧਾਰ ਨਹੀਂ ਹੁੰਦੇ ਕਿ ਜੁਰਮ ਪਹਿਲਾਂ ਹੀ ਕੀਤਾ ਗਿਆ ਹੈ। ਕਿਉਂਕਿ ਕੋਈ ਜੁਰਮ ਨਹੀਂ ਕੀਤਾ ਗਿਆ, ਪੀਸ ਬੌਂਡਾਂ ਦਾ ਨਤੀਜਾ ਮੁਜਰਮਾਨਾ ਦੋਸ਼-ਸਿੱਧੀਆਂ ਵਿਚ ਨਹੀਂ ਨਿਕਲਦਾ ਅਤੇ ਇਨ੍ਹਾਂ ਦਾ ਮਕਸਦ ਸਜ਼ਾ ਦੇਣਾ ਨਹੀਂ ਹੈ। ਪੀਸ ਬੌਂਡ ਲਈ ਸਹਿਮਤ ਹੋਣ ਵਾਲੇ ਵਿਅਕਤੀ ਦਾ ਕ੍ਰਿਮੀਨਲ (ਮੁਜਰਮਾਨਾ) ਰਿਕਾਰਡ ਨਹੀਂ ਹੋਵੇਗਾ।

ਪਰ ਜੇ ਕੋਈ ਵਿਅਕਤੀ ਆਪਣੇ ਪੀਸ ਬੌਂਡ ਵਿਚਲੀਆਂ ਸ਼ਰਤਾਂ ਦੀ ਉਲੰਘਣਾ ਕਰਦਾ ਹੈ (ਜਾਂ ਤੋੜਦਾ ਹੈ) ਤਾਂ ਉਸ ਨੂੰ ਕੋਰਟ ਦੇ ਆਰਡਰ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਮੁਜਰਮਾਨਾ ਜੁਰਮ ਲਈ ਚਾਰਜ ਕੀਤਾ ਜਾ ਸਕਦਾ ਹੈ। ਜੇ ਉਹ ਇਸ ਜੁਰਮ ਲਈ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ ਜਾਂ ਪ੍ਰੋਬੇਸ਼ਨ 'ਤੇ ਰੱਖਿਆ ਜਾ ਸਕਦਾ ਹੈ। ਕੁਝ ਕੇਸਾਂ ਵਿਚ, ਉਸ ਨੂੰ ਜੇਲ੍ਹ ਦੀ ਸਜ਼ਾ ਵੀ ਦਿੱਤੀ ਜਾ ਸਕਦੀ ਹੈ।

ਜੇ ਵਿਅਕਤੀ ਪੀਸ ਬੌਂਡ ਦੀ ਉਲੰਘਣਾ ਕਰਦਾ ਹੈ ਤਾਂ ਤੁਸੀਂ ਪੁਲੀਸ ਨਾਲ ਸੰਪਰਕ ਕਰ ਸਕਦੇ ਹੋ। ਪੀਸ ਬੌਂਡਾਂ ਨੂੰ ਕੈਨੇਡਾ ਵਿਚ ਕਿਤੇ ਵੀ ਲਾਗੂ ਕੀਤਾ ਜਾ ਸਕਦਾ ਹੈ। ਜੇ ਤੁਸੀਂ ਸੂਬਿਆਂ ਤੋਂ ਮੂਵ ਹੁੰਦੇ ਹੋ ਤਾਂ ਤੁਸੀਂ ਆਪਣਾ ਪੀਸ ਬੌਂਡ ਆਪਣੀ ਲੋਕਲ ਪੁਲੀਸ ਏਜੰਸੀ ਕੋਲ ਲਿਜਾ ਸਕਦੇ ਹੋ ਅਤੇ ਉਨ੍ਹਾਂ ਨੂੰ ਇਸ ਦੀ ਕਾਪੀ ਦੇ ਸਕਦੇ ਹੋ।



ਪੀਸ ਬੌਂਡ ਵੱਧ ਤੋਂ ਵੱਧ 12 ਮਹੀਨਿਆਂ ਲਈ ਆਰਡਰ ਕੀਤਾ ਜਾ ਸਕਦਾ ਹੈ, ਅਤੇ ਤੁਸੀਂ ਫਿਰ ਇਕ ਨਵੇਂ ਲਈ ਅਪਲਾਈ ਕਰ ਸਕਦੇ ਹੋ।

# ਪੀਸ ਬੌਂਡ ਕਿੰਨਾ ਸਮਾਂ ਰਹਿੰਦਾ ਹੈ?

*ਕ੍ਰਿਮੀਨਲ ਕੋਡ* ਦੇ ਸੈਕਸ਼ਨ 810 ਹੇਠ ਦਿੱਤਾ ਗਿਆ ਪੀਸ ਬੌਂਡ ਵੱਧ ਤੋਂ ਵੱਧ 12 ਮਹੀਨਿਆਂ ਲਈ ਆਰਡਰ ਕੀਤਾ ਜਾ ਸਕਦਾ ਹੈ। ਸੈਕਸ਼ਨ 810 ਹੇਠ ਦਿੱਤਾ ਗਿਆ ਪੀਸ ਬੌਂਡ ਨਵਿਆਇਆ ਨਹੀਂ ਜਾ ਸਕਦਾ, ਪਰ ਤੁਸੀਂ ਨਵੇਂ ਲਈ ਅਪਲਾਈ ਕਰ ਸਕਦੇ ਹੋ।

# ਪੀਸ ਬੌਂਡ ਲੈਣ ਲਈ ਮੈਨੂੰ ਕੀ ਸਾਬਤ ਕਰਨਾ ਪਵੇਗਾ?

ਪੀਸ ਬੌਂਡ ਲੈਣ ਲਈ, ਕੋਰਟ ਲਈ ਸੰਭਾਵਨਾਵਾਂ ਦੇ ਸੰਤੁਲਨ ਉੱਪਰ ਇਹ ਸੰਤੁਸ਼ਟ ਹੋਣਾ ਜ਼ਰੂਰੀ ਹੈ ਕਿ ਤੁਹਾਡੇ ਵਾਜਬ ਡਰ ਹਨ ਕਿ ਤੁਹਾਨੂੰ, ਤੁਹਾਡੇ ਸਪਾਊਸ, ਤੁਹਾਡੇ ਬੱਚਿਆਂ ਜਾਂ ਤੁਹਾਡੀ ਪ੍ਰਾਪਰਟੀ ਨੂੰ ਨੁਕਸਾਨ ਪਹੁੰਚਾਇਆ ਜਾਵੇਗਾ। ਇੰਨਾ ਹੀ ਕਹਿਣਾ ਕਾਫੀ ਨਹੀਂ ਹੈ ਕਿ ਤੁਸੀਂ ਨਿੱਜੀ ਤੌਰ 'ਤੇ ਡਰਦੇ ਹੋ; ਕੋਰਟ ਲਈ ਇਹ ਪਤਾ ਲਾਉਣਾ ਜ਼ਰੂਰੀ ਹੈ ਕਿ ਇਸੇ ਹਾਲਤ ਵਿਚਲਾ ਕੋਈ ਵਾਜਬ ਵਿਅਕਤੀ ਵੀ ਡਰੇਗਾ।

ਸੰਭਾਵਨਾਵਾਂ ਦੇ ਸੰਤੁਲਨ ਉੱਪਰ ਨੁਕਸਾਨ ਦੇ ਆਪਣੇ ਡਰ ਨੂੰ ਸਾਬਤ ਕਰਨ ਦਾ ਮਤਲਬ ਇਹ ਹੈ ਕਿ ਕੋਰਟ ਨੂੰ ਇਹ ਪਤਾ ਲੱਗਣਾ ਜ਼ਰੂਰੀ ਹੈ ਕਿ ਜਿਸ ਨੁਕਸਾਨ ਤੋਂ ਤੁਸੀਂ ਡਰਦੇ ਹੋ ਉਹ ਵਾਪਰਨ ਦੀ "ਨਹੀਂ ਨਾਲੋਂ ਜ਼ਿਆਦਾ ਸੰਭਾਵਨਾ" ਹੈ। ਇਹ ਮੁਜਰਮਾਨਾ ਜੁਰਮਾਂ ਲਈ ਵਰਤੇ ਜਾਂਦੇ ਸਬੂਤ ਨਾਲੋਂ ਸਬੂਤ ਦਾ ਘੱਟ ਮਿਆਰ ਹੈ। ਮੁਜਰਮਾਨਾ ਮੁਕੱਦਮੇ ਵਿਚ ਦੋਸ਼-ਸਿੱਧੀ "ਵਾਜਬ ਸ਼ੱਕ ਤੋਂ ਅੱਗੇ" ਦੇ ਸਬੂਤ 'ਤੇ ਆਧਾਰਿਤ ਹੁੰਦੀ ਹੈ।



# ਮੈਂ ਪੀਸ ਬੌਂਡ ਕਿਵੇਂ ਲੈ ਸਕਦੀ/ਸਕਦਾ ਹਾਂ?

**ਬੀ ਸੀ ਵਿਚ, ਅਸੀਂ ਇਹ ਸਿਫਾਰਸ਼ ਕਰਦੇ ਹਾਂ ਕਿ ਤੁਸੀਂ ਪੀਸ ਬੌਂਡ ਪਹਿਲਾਂ ਪੁਲੀਸ ਦੀ ਮਦਦ ਨਾਲ ਲੈਣ ਦੀ ਕੋਸ਼ਿਸ਼ ਕਰੋ।**

## ਪੁਲੀਸ ਦੀ ਮਦਦ ਨਾਲ ਪੀਸ ਬੌਂਡ ਲੈਣਾ

ਪੁਲੀਸ ਨਾਲ ਸੰਪਰਕ ਕਰੋ ਅਤੇ ਉਨ੍ਹਾਂ ਨੂੰ ਦੱਸੋ ਕਿ ਤੁਸੀਂ ਉਸ ਵਿਅਕਤੀ ਦੇ ਖਿਲਾਫ ਪੀਸ ਬੌਂਡ ਲੈਣਾ ਚਾਹੁੰਦੇ ਹੋ ਜਿਹੜਾ ਤੁਹਾਨੂੰ ਡਰਾ ਰਿਹਾ ਹੈ। ਆਪਣੇ ਡਰਾਂ ਬਾਰੇ ਸਪਸ਼ਟ ਦੱਸੋ ਅਤੇ ਉਨ੍ਹਾਂ ਨੂੰ ਆਪਣੇ ਵਲੋਂ ਇਕੱਠੇ ਕੀਤੇ ਗਏ ਕੋਈ ਸਬੂਤ ਦਿਉ। ਇਨ੍ਹਾਂ ਸਬੂਤਾਂ ਵਿਚ ਟੈਕਸਟ ਮੈਸੇਜ, ਈਮੇਲਾਂ, ਵੋਆਇਸਮੇਲਾਂ, ਫੋਟੋਆਂ, ਆਦਿ ਸ਼ਾਮਲ ਹੋ ਸਕਦੇ ਹਨ। ਪੁਲੀਸ ਕੋਲ ਜਾਣ ਵੇਲੇ ਤੁਸੀਂ ਕਿਸੇ ਦੋਸਤ ਜਾਂ ਹਿਮਾਇਤੀ ਨੂੰ ਵੀ ਨਾਲ ਲਿਆ ਸਕਦੇ ਹੋ।

ਆਪਣਾ ਬਿਆਨ ਦਿਉ। ਪੁਲੀਸ ਤੁਹਾਡੇ ਨਾਲ ਇੰਟਰਵਿਊ ਕਰੇਗੀ ਅਤੇ ਉਨ੍ਹਾਂ ਨੂੰ ਵਿਸਥਾਰ ਵਿਚ ਨੋਟਸ ਲੈਣੇ, ਜਾਂ ਬਿਆਨ ਲੈਣਾ ਚਾਹੀਦਾ ਹੈ ਕਿ ਤੁਸੀਂ ਕਿਉਂ ਡਰਦੇ ਹੋ। ਜੇ ਪੁਲੀਸ ਤੁਹਾਡੇ ਕੇਸ ਨਾਲ ਅੱਗੇ ਤੁਰਨ ਦੀ ਖਾਹਸ਼ਮੰਦ ਹੋਵੇ ਤਾਂ ਦੂਜੇ ਵਿਅਕਤੀ ਨੂੰ ਪੁਲੀਸ ਦੇ ਨੋਟਸ ਅਤੇ ਤੁਹਾਡੇ ਬਿਆਨ ਦੀ ਕਾਪੀ ਮਿਲੇਗੀ। ਅੱਗੇ ਪੁਲੀਸ ਹਾਲਤ ਬਾਰੇ ਪੜਤਾਲ ਕਰ ਸਕਦੀ ਹੈ। ਇਸ ਵਿਚ ਕੋਈ ਵੀ ਗਵਾਹਾਂ ਨਾਲ ਸੰਪਰਕ ਕਰਨਾ, ਕ੍ਰਿਮੀਨਲ ਰਿਕਾਰਡ ਚੈੱਕ ਕਰਨਾ, ਜਾਂ ਉਸ ਵਿਅਕਤੀ ਨਾਲ ਇੰਟਰਵਿਊ ਕਰਨਾ ਸ਼ਾਮਲ ਹੋ ਸਕਦਾ ਹੈ ਜਿਸ ਤੋਂ ਤੁਸੀਂ ਡਰਦੇ ਹੋ।

ਜੇ ਪੁਲੀਸ ਇਹ ਫੈਸਲਾ ਕਰਦੀ ਹੈ ਕਿ ਤੁਹਾਡੇ ਡਰ ਵਾਜਬ ਹਨ ਤਾਂ ਉਹ ਕਰਾਊਨ ਕੌਂਸਲ ਲਈ ਇਕ ਰਿਪੋਰਟ ਤਿਆਰ ਕਰਨਗੇ ਜੋ ਕਿ ਕੇਸਾਂ ਦੀ ਪੈਰਵੀ ਕਰਨ ਲਈ ਸੂਬੇ ਦੀ ਸਰਕਾਰ ਵਲੋਂ ਰੱਖਿਆ ਗਿਆ ਵਕੀਲ ਹੁੰਦਾ ਹੈ। ਪੁਲੀਸ ਦੀ ਰਿਪੋਰਟ ਵਿਚ ਆਪਣੀ ਪੜਤਾਲ ਦੌਰਾਨ ਇਕੱਠੀ ਕੀਤੀ ਸਾਰੀ ਜਾਣਕਾਰੀ ਸ਼ਾਮਲ ਹੋਵੇਗੀ ਅਤੇ ਇਹ ਸ਼ਰਤਾਂ ਦੇ ਸੁਝਾਵਾਂ ਦੀ ਲਿਸਟ ਨਾਲ ਪੀਸ ਬੌਂਡ ਦੀ ਐਪਲੀਕੇਸ਼ਨ ਦੀ ਸਿਫਾਰਸ਼ ਕਰੇਗੀ। ਜੇ ਪੁਲੀਸ ਇਹ ਫੈਸਲਾ ਕਰਦੀ ਹੈ ਕਿ ਪੜਤਾਲ ਨੇ ਜੁਰਮਾਂ ਬਾਰੇ ਅਜਿਹੀ ਜਾਣਕਾਰੀ ਸਾਹਮਣੇ ਲਿਆਂਦੀ ਹੈ ਜਿਹੜੇ ਕੀਤੇ ਗਏ ਹਨ ਤਾਂ ਉਹ ਕਰਾਊਨ ਨੂੰ ਇਹ ਸਿਫਾਰਸ਼ ਕਰ ਸਕਦੀ ਹੈ ਕਿ ਮੁਜਰਮਾਨਾ ਚਾਰਜ ਲਗਾਏ ਜਾਣੇ ਚਾਹੀਦੇ ਹਨ। ਕਰਾਊਨ ਕੌਂਸਲ ਇਹ ਫੈਸਲਾ ਕਰਨ ਵਿਚ ਇਕ ਮਹੱਤਵਪੂਰਨ ਰੋਲ ਨਿਭਾਉਂਦਾ ਹੈ ਕਿ ਪੀਸ ਬੌਂਡ ਲਈ ਤੁਹਾਡੀ ਬੇਨਤੀ ਦਾ ਕੀ ਹੋਵੇਗਾ ਅਤੇ ਉਹ ਤੁਹਾਡੀ ਐਪਲੀਕੇਸ਼ਨ ਦੇ ਅੱਗੇ ਵਧਣ ਨੂੰ ਰੋਕਣ ਲਈ ਦਖਲਅੰਦਾਜ਼ੀ ਕਰ ਸਕਦਾ ਹੈ। ਕੈਨੇਡਾ ਦੇ ਕੁਝ ਇਲਾਕਿਆਂ ਵਿਚ ਲੋਕ ਕਰਾਊਨ ਦੀ ਸ਼ਮੂਲੀਅਤ ਤੋਂ ਬਿਨਾਂ ਪੀਸ ਬੌਂਡ ਮੰਗਣਾ ਜਾਰੀ ਰੱਖ ਸਕਦੇ ਹਨ, ਪਰ ਬੀ ਸੀ ਵਿਚ ਇਹ ਆਮ ਤਰੀਕਾ ਨਹੀਂ ਹੈ।



ਪੁਲੀਸ ਇਹ ਫੈਸਲਾ ਕਰਦੀ ਹੈ ਕਿ ਤੁਹਾਡੇ ਡਰ ਵਾਜਬ ਹਨ ਤਾਂ ਉਹ ਕਰਾਊਨ ਕੌਂਸਲ ਲਈ ਇਕ ਰਿਪੋਰਟ ਤਿਆਰ ਕਰਨਗੇ ਜੋ ਕਿ ਕੇਸਾਂ ਦੀ ਪੈਰਵੀ ਕਰਨ ਲਈ ਸੂਬੇ ਦੀ ਸਰਕਾਰ ਵਲੋਂ ਰੱਖਿਆ ਗਿਆ ਵਕੀਲ ਹੁੰਦਾ ਹੈ।

ਜੇ ਕਰਾਊਨ ਸਹਿਮਤ ਹੋ ਜਾਂਦਾ ਹੈ ਕਿ ਪੀਸ ਬੌਂਡ ਜ਼ਰੂਰੀ ਹੈ ਤਾਂ ਕਾਰਵਾਈ ਲਈ ਸੁਣਵਾਈ ਦਾ ਸਮਾਂ ਮਿੱਥਿਆ ਜਾਵੇਗਾ। ਕਰਵਾਈ ਲਈ ਸੁਣਵਾਈ ਦੂਜੇ ਵਿਅਕਤੀ ਦੀ ਹਾਜ਼ਰੀ ਤੋਂ ਬਗੈਰ ਹੁੰਦੀ ਹੈ। ਇਸ ਸਮੇਂ ਕਰਾਊਨ ਕੋਰਟ ਨੂੰ ਸਬੂਤਾਂ ਬਾਰੇ ਦੱਸੇਗਾ। ਜੇ ਜੱਜ ਸੰਤੁਸ਼ਟ ਹੋ ਜਾਂਦਾ ਹੈ ਕਿ ਦਿੱਤੀ ਗਈ ਜਾਣਕਾਰੀ ਪੀਸ ਬੌਂਡ ਲਈ ਟੈੱਸਟ ਪੂਰਾ ਕਰਦੀ ਹੈ ਤਾਂ ਫਿਰ ਜੱਜ ਦੂਜੇ ਵਿਅਕਤੀ ਨੂੰ ਸੂਚਨਾ ਦੇਣ ਲਈ ਅਤੇ ਕੋਰਟ ਦੀ ਕੋਈ ਹੋਰ ਤਾਰੀਕ ਤੈਅ ਕਰਨ ਲਈ ਸਹਿਮਤ ਹੋਵੇਗਾ। ਕੋਰਟ ਦੂਜੇ ਵਿਅਕਤੀ

ਨੂੰ ਦੋ ਤਰੀਕਿਆਂ ਨਾਲ ਸੂਚਨਾ ਦੇ ਸਕਦੀ ਹੈ: ਸੰਮਨ ਜਾਂ ਗ੍ਰਿਫਤਾਰੀ ਦਾ ਵਾਰੰਟ। ਕਿਸੇ ਵੀ ਹਾਲਤ ਵਿਚ, ਉਸ ਵਿਅਕਤੀ ਨੂੰ ਕੋਰਟ ਵਿਚ ਆਉਣਾ ਪਵੇਗਾ। ਜੇ ਕੋਰਟ ਸਬੂਤਾਂ ਤੋਂ ਸੰਤੁਸ਼ਟ ਨਾ ਹੋਵੇ ਤਾਂ ਮਾਮਲਾ ਅੱਗੇ ਨਹੀਂ ਜਾਵੇਗਾ।

ਕਾਰਵਾਈ ਲਈ ਸੁਣਵਾਈ ਵਿਖੇ, ਪੀਸ ਬੌਂਡ ਲਈ ਐਪਲੀਕੇਸ਼ਨ ਜੱਜ ਵਲੋਂ ਸੁਣੇ ਜਾਣ ਲਈ ਕੋਰਟ ਦੀ ਤਾਰੀਕ ਤੈਅ ਕੀਤੀ ਜਾ ਸਕਦੀ ਹੈ। ਇਹ ਤਾਰੀਕ ਭਵਿੱਖ ਵਿਚ ਕੁਝ ਦਿਨ ਦੂਰ ਤੋਂ ਲੈ ਕੇ ਮਹੀਨੇ ਦੂਰ ਤੱਕ ਦੀ ਹੋ ਸਕਦੀ ਹੈ। ਪਰ, ਸਿਰਫ ਪੀਸ ਬੌਂਡ ਦੀ ਐਪਲੀਕੇਸ਼ਨ ਲਈ ਤਾਰੀਕ ਮਿੱਥੇ ਜਾਣ ਦਾ ਮਤਲਬ ਇਹ ਨਹੀਂ ਹੈ ਕਿ ਹਰ ਇਕ ਚੀਜ਼ ਉਸ ਦਿਨ ਸਮਾਪਤ ਹੋ ਜਾਵੇਗੀ। ਇਹ ਸੰਭਵ ਹੈ ਕਿ ਤੁਹਾਡੇ ਮਾਮਲੇ ਲਈ ਮਿੱਥੀ ਗਈ ਤਾਰੀਕ ਵਾਲੇ ਦਿਨ ਕੁਝ ਨਹੀਂ ਹੋਵੇਗਾ। ਉਦਾਹਰਨ ਲਈ, ਜਿਸ ਵਿਅਕਤੀ ਤੋਂ ਤੁਸੀਂ ਡਰਦੇ ਹੋ, ਉਹ ਕਿਸੇ ਵਕੀਲ ਤੋਂ ਸਲਾਹ ਲੈਣ ਲਈ ਹੋਰ ਸਮਾਂ ਮੰਗ ਸਕਦਾ ਹੈ। ਜੇ ਇਹ ਹੁੰਦਾ ਹੈ ਤਾਂ ਕੋਰਟ ਵਲੋਂ ਇਸ ਬੇਨਤੀ ਨੂੰ ਮੰਨ ਲੈਣ ਦੀ ਸੰਭਾਵਨਾ ਹੈ ਅਤੇ ਮਾਮਲਾ ਭਵਿੱਖ ਦੀ ਕਿਸੇ ਤਾਰੀਕ ’ਤੇ ਪਾ ਦਿੱਤਾ ਜਾਵੇਗਾ। ਤੁਹਾਨੂੰ ਕਰਾਊਨ ਤੋਂ ਪੁੱਛਣਾ ਚਾਹੀਦਾ ਹੈ ਕਿ ਕੋਰਟ ਦੀ ਅਗਲੀ ਤਾਰੀਕ ਲਈ ਕਿਵੇਂ ਤਿਆਰ ਹੋਣਾ ਹੈ।

ਜਦੋਂ ਜੱਜ ਪੀਸ ਬੌਂਡ ਦੀ ਐਪਲੀਕੇਸ਼ਨ ਸੁਣਦਾ ਹੈ ਤਾਂ ਇਸ ਦੇ ਦੋ ਸੰਭਵ ਨਤੀਜੇ ਨਿਕਲਦੇ ਹਨ:

- ਵਿਅਕਤੀ ਪੀਸ ਬੌਂਡ ਵਿਚ ਸ਼ਾਮਲ ਹੋਣ ਲਈ ਅਤੇ ਪੇਸ਼ ਕੀਤੀਆਂ ਗਈਆਂ ਸ਼ਰਤਾਂ ਨਾਲ ਸਹਿਮਤ ਹੋ ਸਕਦਾ ਹੈ। ਜੇ ਇਹ ਹੁੰਦਾ ਹੈ ਤਾਂ ਜੱਜ ਅੱਗੇ ਕੋਈ ਸਬੂਤ ਪੇਸ਼ ਨਹੀਂ ਕੀਤਾ ਜਾਵੇਗਾ।
- ਵਿਅਕਤੀ ਪੀਸ ਬੌਂਡ ਨਾਲ ਸਹਿਮਤ ਨਹੀਂ ਹੋ ਸਕਦਾ ਹੈ, ਜਿਸ ਕੇਸ ਵਿਚ ਕਰਾਊਨ ਕੌਂਸਲ ਜੱਜ ਕੋਲ ਸਬੂਤ ਪੇਸ਼ ਨਾਲ ਅੱਗੇ ਵਧਣ ਦਾ ਫੈਸਲਾ ਕਰ ਸਕਦਾ ਹੈ। ਇਸ ਕੇਸ ਵਿਚ, ਕਰਾਊਨ ਕੌਂਸਲ ਤੁਹਾਨੂੰ ਆਮ ਤੌਰ ’ਤੇ ਜੱਜ ਨੂੰ ਸਹੁੰ ਖਾ ਕੇ ਇਹ ਦੱਸਣ (ਹਲਫ਼ੀਆ ਬਿਆਨ ਦੇਣ) ਲਈ ਕਹੇਗਾ ਕਿ ਕੀ ਹੋਇਆ ਸੀ ਅਤੇ ਤੁਹਾਨੂੰ ਕੋਈ ਡਾਕੂਮੈਂਟਸ ਜਾਂ ਹੋਰ ਸਬੂਤ ਦੇਣ ਲਈ ਕਹੇਗਾ ਜਿਹੜਾ ਤੁਹਾਡੇ ਕੋਲ ਹੈ। ਜੱਜ, ਸੰਭਾਵਨਾਵਾਂ ਦੇ ਸੰਤੁਲਨ ਉੱਪਰ ਇਹ ਫੈਸਲਾ ਕਰੇਗਾ ਕਿ ਕੀ ਤੁਹਾਡੇ ਕੋਲ ਦੂਜੇ ਵਿਅਕਤੀ ਤੋਂ ਡਰਨ ਦੇ ਵਾਜਬ ਆਧਾਰ ਹਨ ਜਾਂ ਨਹੀਂ। ਜੇ ਜੱਜ ਇਹ ਸਮਝਦਾ ਹੈ ਕਿ ਤੁਹਾਡੇ ਡਰ ਵਾਜਬ ਹਨ ਤਾਂ ਉਹ ਪੀਸ ਬੌਂਡ ਦਾ ਆਰਡਰ ਕਰੇਗਾ। ਜੇ ਜੱਜ ਨੂੰ ਤੁਹਾਡੇ ਡਰ ਵਾਜਬ ਨਾ ਲੱਗਣ ਤਾਂ ਉਹ ਪੀਸ ਬੌਂਡ ਦੀ ਐਪਲੀਕੇਸ਼ਨ ਨੂੰ ਖਾਰਜ ਕਰ ਦੇਵੇਗਾ।

ਜੇ ਜੱਜ ਪੀਸ ਬੌਂਡ ਦਾ ਆਰਡਰ ਕਰਦਾ ਹੈ ਤਾਂ ਤੁਹਾਨੂੰ ਕੋਰਟ ਰਜਿਸਟਰੀ ਤੋਂ ਇਸ ਦੀ ਕਾਪੀ ਮਿਲ ਸਕਦੀ ਹੈ। ਪੀਸ ਬੌਂਡ ਦੀ ਕਾਪੀ ਆਪਣੇ ਕੋਲ ਹੋਣਾ ਤੁਹਾਡੇ ਲਈ ਪੁਲੀਸ ਤੋਂ ਮਦਦ ਮੰਗਣਾ ਸੌਖਾ ਬਣਾਏਗਾ ਜੇ ਉਹ ਵਿਅਕਤੀ ਪੀਸ ਬੌਂਡ ਦੀਆਂ ਸ਼ਰਤਾਂ ਨੂੰ ਤੋੜਦਾ ਹੈ।



ਪੀਸ ਬੌਂਡ ਦੀ ਕਾਪੀ ਆਪਣੇ ਕੋਲ ਹੋਣਾ ਤੁਹਾਡੇ ਲਈ ਪੁਲੀਸ ਤੋਂ ਮਦਦ ਮੰਗਣਾ ਸੌਖਾ ਬਣਾਏਗਾ ਜੇ ਉਹ ਵਿਅਕਤੀ ਪੀਸ ਬੌਂਡ ਦੀ ਸ਼ਰਤਾਂ ਨੂੰ ਤੋੜਦਾ ਹੈ।

**ਸੰਮਨਜ਼** ਕੋਰਟ ਵਿਚ ਪੇਸ਼ ਹੋਣ ਦਾ ਇਕ ਆਰਡਰ ਹੈ ਜੋ ਕਿ ਡਾਕ ਰਾਹੀਂ ਜਾਂ ਪੁਲੀਸ ਅਫਸਰ ਵਲੋਂ ਨਿੱਜੀ ਤੌਰ ’ਤੇ ਡਲਿਵਰ ਕੀਤਾ ਜਾ ਸਕਦਾ ਹੈ। ਸੰਮਨਜ਼ ਡਾਕੂਮੈਂਟ ਵਿਅਕਤੀ ਨੂੰ ਇਹ ਹੁਕਮ ਦਿੰਦਾ ਹੈ ਕਿ ਉਹ ਕਿਸੇ ਖਾਸ ਤਾਰੀਕ ਅਤੇ ਸਮੇਂ ’ਤੇ ਕੋਰਟ ਵਿਚ ਪੇਸ਼ ਹੋਵੇ।

**ਗ੍ਰਿਫਤਾਰੀ ਦਾ ਵਾਰੰਟ** ਤਾਂ ਜਾਰੀ ਕੀਤਾ ਜਾਂਦਾ ਹੈ ਜੇ ਕੋਰਟ ਨੂੰ ਇਹ ਲੱਗਦਾ ਹੈ ਕਿ ਉਹ ਵਿਅਕਤੀ ਆਪਣੇ ਆਪ ਲਈ ਜਾਂ ਹੋਰਨਾਂ ਲਈ ਖਤਰਾ ਹੈ ਜਾਂ ਕਿ ਉਸ ਦੇ ਸੁਣਵਾਈ ’ਤੇ ਪੇਸ਼ ਹੋਣ ਦੀ ਸੰਭਾਵਨਾ ਨਹੀਂ ਹੈ। ਗ੍ਰਿਫਤਾਰੀ ਦਾ ਵਾਰੰਟ ਪੁਲੀਸ ਨੂੰ ਉਸ ਵਿਅਕਤੀ ਨੂੰ ਗ੍ਰਿਫਤਾਰ ਕਰਨ ਅਤੇ ਜ਼ਮਾਨਤ ਦੀ ਸੁਣਵਾਈ ਲਈ ਅਦਾਲਤ ਵਿਚ ਲਿਆਉਣ ਦੀ ਆਗਿਆ ਦਿੰਦਾ ਹੈ। ਇਸ ਸੁਣਵਾਈ ਵਿਖੇ, ਕੋਰਟ ਇਹ ਫੈਸਲਾ ਕਰੇਗੀ ਕਿ ਕੀ ਪੀਸ ਬੌਂਡ ਦੀ ਸੁਣਵਾਈ ਹੋਣ ਤੱਕ ਉਸ ਵਿਅਕਤੀ ਨੂੰ ਜੇਲ੍ਹ ਵਿਚ ਰੱਖਿਆ ਜਾਣਾ ਚਾਹੀਦਾ ਹੈ ਜਾਂ ਵਿਅਕਤੀ ਨੂੰ ਸ਼ਰਤਾਂ ਨਾਲ ਰਿਹਾਅ ਕਰਨਾ ਹੈ। ਉਸ ਵਿਅਕਤੀ ਦੀ ਪੀਸ ਬੌਂਡ ਦੀ ਸੁਣਵਾਈ ਲਈ ਜੇਲ੍ਹ ਵਿਚ ਰਹਿਣ ਦੀ ਸੰਭਾਵਨਾ ਨਹੀਂ ਹੈ ਜੇ ਉਹ ਮੁਜਰਮਾਨਾ ਜੁਰਮਾਂ ਦਾ ਸਾਹਮਣਾ ਨਹੀਂ ਕਰ ਰਿਹਾ ਹੈ।

# ਪੁਲੀਸ ਦੀ ਮਦਦ ਤੋਂ ਬਿਨਾਂ ਪੀਸ ਬੌਂਡ ਲੈਣਾ

ਜੇ ਤੁਹਾਡੇ ਪੀਸ ਬੌਂਡ ਲੈਣ ਲਈ ਪੁਲੀਸ ਤੁਹਾਡੀ ਮਦਦ ਕਰਨ ਦੀ ਖਾਹਸ਼ਮੰਦ ਨਾ ਹੋਵੇ ਤਾਂ ਪੀਸ ਬੌਂਡ ਲੈਣ ਦੀ ਕੋਸ਼ਿਸ਼ ਕਰਨ ਲਈ ਤੁਹਾਡੇ ਕੋਲ ਹੋਰ ਚੋਣ ਵੀ ਹੈ। ਤੁਸੀਂ ਕੋਰਟਹਾਊਸ ਜਾ ਸਕਦੇ ਹੋ ਅਤੇ ਕੋਰਟ ਰਜਿਸਟਰੀ ਤੋਂ ਪੀਸ ਬੌਂਡ ਲਈ ਸਹੀ ਫਾਰਮ ਭਰਨ ਵਿਚ ਮਦਦ ਮੰਗ ਸਕਦੇ ਹੋ। ਭਾਵੇਂ ਕਿ ਕਾਨੂੰਨੀ ਮਾਮਲੇ ਤੋਂ ਇਹ ਸੰਭਵ ਹੈ, ਪਰ ਤੁਹਾਨੂੰ ਇਹ ਜਾਣਨਾ ਚਾਹੀਦਾ ਹੈ ਕਿ ਬੀ ਸੀ ਵਿਚ ਪੁਲੀਸ ਦੀ ਮਦਦ ਤੋਂ ਬਿਨਾਂ ਪੀਸ ਬੌਂਡ ਲੈਣਾ ਔਖਾ ਹੋ ਸਕਦਾ ਹੈ। ਭਾਵੇਂ ਕਿ ਤਰੀਕਾ ਵੱਖਰਾ ਹੋ ਸਕਦਾ ਹੈ ਜੋ ਕਿ ਇਸ ਚੀਜ਼ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਬੀ ਸੀ ਵਿਚ ਕਿੱਥੇ ਹੋ, ਆਮ ਤੌਰ 'ਤੇ, ਕੋਰਟ ਰਜਿਸਟਰੀ ਦਾ ਸਟਾਫ ਕਰਾਊਨ ਕੌਂਸਲ ਨਾਲ ਸੰਪਰਕ ਕਰੇਗਾ ਜੋ ਕਿ ਮਾਮਲੇ ਨੂੰ ਹੋਰ ਪੜਤਾਲ ਲਈ ਪੁਲੀਸ ਕੋਲ ਵਾਪਸ ਭੇਜੇਗਾ। ਇਸ ਦਾ ਮਤਲਬ ਹੈ ਕਿ ਭਾਵੇਂ ਤੁਸੀਂ ਪੀਸ ਬੌਂਡ ਦੀ ਐਪਲੀਕੇਸ਼ਨ ਆਪਣੇ ਆਪ ਕਰਨ ਦੀ ਕੋਸ਼ਿਸ਼ ਕਰ ਰਹੇ ਹੋ, ਇਸ ਵਿਚ ਪੁਲੀਸ ਦੇ ਸ਼ਾਮਲ ਹੋਣ ਦੀ ਸੰਭਾਵਨਾ ਹੈ ਅਤੇ ਕਰਾਊਨ ਕੌਂਸਲ ਤੁਹਾਡੇ ਕੇਸ ਬਾਰੇ ਮਹੱਤਵਪੂਰਨ ਫੈਸਲੇ ਕਰੇਗਾ। ਪਰ, ਜੇ ਪੁਲੀਸ ਤੁਹਾਡੀ ਬੇਨਤੀ ਨੂੰ ਗੰਭੀਰਤਾ ਨਾਲ ਲੈਣ ਵਿਚ ਫੇਲ੍ਹ ਹੋ ਜਾਵੇ ਤਾਂ ਕੋਰਟ ਰਜਿਸਟਰੀ ਕੋਲ ਸਿੱਧਾ ਪਹੁੰਚ ਕਰਨ ਨਾਲ ਤੁਹਾਨੂੰ ਆਪਣਾ ਕੇਸ ਕਰਾਊਨ ਵਲੋਂ ਵਿਚਾਰੇ ਜਾਣ ਅਤੇ ਪੁਲੀਸ ਕੋਲ ਭੇਜੇ ਜਾਣ ਦਾ ਮੌਕਾ ਮਿਲ ਸਕਦਾ ਹੈ।

ਜੇ ਤੁਸੀਂ ਕੋਰਟ ਰਜਿਸਟਰੀ ਕੋਲ ਜਾਣ ਦਾ ਫੈਸਲਾ ਕਰਦੇ ਹੋ ਤਾਂ ਤੁਹਾਨੂੰ ਇਹ ਪਤਾ ਲਾਉਣ ਲਈ ਅਗਾਊਂ ਫੋਨ ਕਰਨਾ ਚਾਹੀਦਾ ਹੈ ਕਿ ਕੀ ਕੋਈ ਹੋਰ ਜਾਣਕਾਰੀ ਹੈ ਜਿਸ ਦਾ ਤੁਹਾਨੂੰ ਕੋਰਟਹਾਊਸ ਜਾਣ ਤੋਂ ਪਹਿਲਾਂ ਪਤਾ ਹੋਣਾ ਚਾਹੀਦਾ ਹੈ।

ਕੋਰਟ ਨੂੰ ਆਪਣੀ ਫੋਟੋ ਵਾਲੀ ਆਈ ਡੀ ਲੈ ਕੇ ਆਉ ਕਿਉਂਕਿ ਪੇਪਰ ਭਰਨ ਵੇਲੇ ਤੁਹਾਨੂੰ ਇਸ ਦੀ ਲੋੜ ਹੋ ਸਕਦੀ ਹੈ। ਜੇ ਸੰਭਵ ਹੋਵੇ, ਕੋਈ ਉਹ ਸਬੂਤ ਵੀ ਲਿਆਉ ਜਿਹੜਾ ਇਹ ਦਿਖਾਉਂਦਾ ਹੈ ਕਿ ਤੁਸੀਂ ਦੂਜੇ ਵਿਅਕਤੀ ਤੋਂ ਡਰਦੇ ਹੋ। ਇਸ ਸਬੂਤ ਵਿਚ ਟੈਕਸਟ ਮੈਸੇਜ, ਈਮੇਲਾਂ, ਵੌਆਇਸਮੇਲਾਂ, ਫੋਟੋਆਂ, ਆਦਿ ਸ਼ਾਮਲ ਹੋ ਸਕਦੇ ਹਨ। ਜੇ ਤੁਹਾਡੀ ਐਪਲੀਕੇਸ਼ਨ ਅੱਗੇ ਵਧਦੀ ਹੈ ਤਾਂ ਤੁਹਾਨੂੰ ਇਹ ਜਾਣਕਾਰੀ ਓੜਕ ਉਸ ਵਿਅਕਤੀ ਨੂੰ ਦੇਣੀ ਪਵੇਗੀ ਜਿਸ ਦੇ ਖਿਲਾਫ ਤੁਸੀਂ ਪੀਸ ਬੌਂਡ ਮੰਗ ਰਹੇ ਹੋ।

> ਪੁਲੀਸ ਦੀ ਮਦਦ ਤੋਂ ਬਿਨਾਂ ਪੀਸ ਬੌਂਡ ਲੈਣਾ ਔਖਾ ਹੋ ਸਕਦਾ ਹੈ, ਪਰ ਇਹ ਇਕ ਚੋਣ ਹੋ ਸਕਦੀ ਹੈ ਜੇ ਪੁਲੀਸ ਤੁਹਾਡੀ ਬੇਨਤੀ ਨੂੰ ਗੰਭੀਰਤਾ ਨਾਲ ਲੈਣ ਵਿਚ ਫੇਲ੍ਹ ਹੋ ਜਾਂਦੀ ਹੈ।

ਜੇ ਤੁਹਾਨੂੰ ਪੀਸ ਬੌਂਡ ਲਈ ਅਪਲਾਈ ਕਰਨ ਵਿਚ ਮਦਦ ਦੀ ਲੋੜ ਹੋਵੇ ਤਾਂ ਤੁਸੀਂ ਆਪਣੀ ਮਦਦ ਲਈ ਕੋਈ ਵਕੀਲ ਕਰ ਸਕਦੇ ਹੋ ਜਾਂ ਇਨ੍ਹਾਂ ਮੁਫਤ ਵਸੀਲਿਆਂ ਵਿੱਚੋਂ ਕਿਸੇ ਤੋਂ ਮਦਦ ਮੰਗੋ:

- ਕੋਰਟਹਾਊਸ ਵਿਚ ਡਿਊਟੀ ਕੌਂਸਲ (ਕੋਰਟਹਾਊਸ ਜਾਉ ਅਤੇ ਡਿਊਟੀ ਕੌਂਸਲ ਨਾਲ ਗੱਲ ਕਰਨ ਲਈ ਕਹੋ)
- ਰਾਈਜ਼ ਵਿਮਨਜ਼ ਲੀਗਲ ਸੈਂਟਰ – womenslegalcentre.ca 'ਤੇ ਔਨਲਾਈਨ
- ਲਾਅ ਸਟੂਡੈਂਟਸ ਲੀਗਲ ਅਡਵਾਈਸ ਪ੍ਰੋਗਰਾਮ – lslap.bc.ca 'ਤੇ ਔਨਲਾਈਨ

ਜੇ ਤੁਸੀਂ ਖੁਦ ਪੀਸ ਬੌਂਡ ਲੈਣ ਦੀ ਕੋਸ਼ਿਸ਼ ਕਰਦੇ ਹੋ ਤਾਂ ਮਾਮਲਾ ਉਪਰ ਦਿੱਤੇ ਕਦਮਾਂ ਵਾਂਗ ਹੀ ਅੱਗੇ ਵਧੇਗਾ। ਜੇ ਤੁਹਾਡਾ ਕੇਸ ਅੱਗੇ ਜਾਂਦਾ ਹੈ ਤਾਂ ਕਰਾਊਨ ਕੌਂਸਲ ਦਖਲ ਦੇ ਸਕਦਾ ਹੈ ਅਤੇ ਇਸ ਚੀਜ਼ ਬਾਰੇ ਫੈਸਲੇ ਕਰ ਸਕਦਾ ਹੈ ਕਿ ਤੁਹਾਡਾ ਕੇਸ ਕਿਸ ਤਰ੍ਹਾਂ ਅੱਗੇ ਵਧਣਾ ਚਾਹੀਦਾ ਹੈ। ਉਦਾਹਰਣ ਲਈ, ਉਹ ਪੀਸ ਬੌਂਡ ਲਈ ਐਪਲੀਕੇਸ਼ਨ ਵਿਚ ਦੇਰੀ ਕਰਨ ਜਾਂ ਛੱਡਣ ਦਾ ਫੈਸਲਾ ਕਰ ਸਕਦੇ ਹਨ ਜੇ ਉਹ ਵਿਅਕਤੀ ਜਿਸ ਤੋਂ ਤੁਸੀਂ ਡਰਦੇ ਹੋ, ਮਰਜ਼ੀ ਨਾਲ ਇਕ ਮਿੱਥੇ ਸਮੇਂ ਲਈ ਤੁਹਾਡੇ ਨਾਲ ਸੰਪਰਕ ਨਾ ਕਰਨ ਲਈ ਸਹਿਮਤ ਹੋ ਜਾਂਦਾ ਹੈ। ਜੇ ਪੁਲੀਸ ਦੀ ਪੜਤਾਲ ਇਹ ਸਬੂਤ ਦਿਖਾਉਂਦੀ ਹੈ ਕਿ ਜੁਰਮ ਕੀਤਾ ਗਿਆ ਹੈ ਤਾਂ ਕਰਾਊਨ ਕੌਂਸਲ ਇਹ ਸਿਫਾਰਸ਼ ਕਰ ਸਕਦਾ ਹੈ ਕਿ ਪੀਸ ਬੌਂਡ ਦੀ ਐਪਲੀਕੇਸ਼ਨ ਨਾਲ ਅੱਗੇ ਵਧਣ ਦੀ ਬਜਾਏ ਮੁਜਰਮਾਨਾ ਚਾਰਜ ਲਗਾਏ ਜਾਣ।

# ਪੀਸ ਬੌਂਡ ਬਾਰੇ ਕੁਝ ਆਮ ਮਿੱਥਾਂ ਕੀ ਹਨ?

**ਮਿੱਥ 1. ਕਿਸੇ ਵਿਅਕਤੀ ਖਿਲਾਫ ਪੀਸ ਬੌਂਡਜ਼ ਸਿਰਫ ਤਾਂ ਹੀ ਲਏ ਜਾ ਸਕਦੇ ਹਨ ਜੇ ਉਸ ਨੇ ਤੁਹਾਨੂੰ ਪਹਿਲਾਂ ਹੀ ਨੁਕਸਾਨ ਪਹੁੰਚਾਇਆ ਹੈ।**

ਕਿਸੇ ਉਸ ਵਿਅਕਤੀ ਖਿਲਾਫ ਪੀਸ ਬੌਂਡ ਲਈ ਅਪਲਾਈ ਕਰਨ ਵਾਸਤੇ ਤੁਹਾਡੇ ਨਾਲ ਜੁਰਮ ਕੀਤਾ ਗਿਆ ਹੋਣ ਦੀ ਲੋੜ ਨਹੀਂ ਹੈ ਜਿਸ ਤੋਂ ਤੁਸੀਂ ਡਰਦੇ ਹੋ ਕਿ ਉਹ ਤੁਹਾਨੂੰ ਨੁਕਸਾਨ ਪਹੁੰਚਾਏਗਾ। ਪੀਸ ਬੌਂਡ ਦਾ ਮੰਤਵ ਕਿਸੇ ਨੂੰ ਭਵਿੱਖ ਵਿਚ ਤੁਹਾਨੂੰ ਨੁਕਸਾਨ ਪਹੁੰਚਾਉਣ ਤੋਂ *ਰੋਕਣਾ* ਹੈ। ਤੁਹਾਡੇ ਲਈ ਇਹ ਸਾਬਤ ਕਰਨਾ ਜ਼ਰੂਰੀ ਨਹੀਂ ਹੈ ਕਿ ਪਹਿਲਾਂ ਹੀ ਨੁਕਸਾਨ ਹੋ ਗਿਆ ਹੈ, ਭਾਵੇਂ ਕਿ ਜੇ ਪਹਿਲਾਂ ਹੀ ਨੁਕਸਾਨ ਹੋਇਆ ਹੈ ਤਾਂ ਇਸ ਦੀ ਵਰਤੋਂ ਇਹ ਦੱਸਣ ਵਿਚ ਮਦਦ ਕਰਨ ਲਈ ਕੀਤੀ ਜਾ ਸਕਦੀ ਹੈ ਕਿ ਤੁਸੀਂ ਕਿਉਂ ਡਰਦੇ ਹੋ ਕਿ ਇਹ ਫਿਰ ਹੋਵੇਗਾ।

**ਮਿੱਥ 2. ਪੀਸ ਬੌਂਡ ਸਿਰਫ ਤਾਂ ਹੀ ਮਿਲਦੇ ਹਨ ਜਦੋਂ ਕੋਈ ਵਿਅਕਤੀ ਤੁਹਾਨੂੰ ਸਰੀਰਕ ਤੌਰ 'ਤੇ ਨੁਕਸਾਨ ਪਹੁੰਚਾਉਂਦਾ ਹੈ; ਉਹ ਜਜ਼ਬਾਤੀ ਨੁਕਸਾਨ ਲਈ ਨਹੀਂ ਵਰਤੇ ਜਾ ਸਕਦੇ।**

ਪੀਸ ਬੌਂਡ ਲਈ ਸਰੀਰਕ ਨੁਕਸਾਨ ਜ਼ਰੂਰੀ ਨਹੀਂ ਹੈ; ਪੀਸ ਬੌਂਡ ਤੁਹਾਨੂੰ ਸਰੀਰਕ ਅਤੇ ਮਾਨਸਿਕ ਸੱਟਾਂ ਦੋਨਾਂ ਤੋਂ ਬਚਾ ਸਕਦੇ ਹਨ। *ਕ੍ਰਿਮੀਨਲ ਕੋਡ* ਵਿਚ, ਪੀਸ ਬੌਂਡ ਤੁਹਾਨੂੰ "ਨਿੱਜੀ ਸੱਟ," ਨਾ ਕਿ ਸਿਰਫ "ਸਰੀਰਕ ਨੁਕਸਾਨ" ਤੋਂ ਬਚਾਉਣ ਲਈ ਉਪਲਬਧ ਹਨ। ਨਿੱਜੀ ਸੱਟ ਸਰੀਰਕ ਨੁਕਸਾਨ ਨਾਲੋਂ ਵੱਡੀ ਸ਼੍ਰੇਣੀ ਹੈ। ਕੋਰਟਾਂ ਨੇ ਨਿੱਜੀ ਸੱਟ ਦੀ ਪਰਿਭਾਸ਼ਾ ਵਿਚ ਪਰੇਸ਼ਾਨ ਕੀਤੇ ਜਾਣ ਅਤੇ ਧਮਕੀਆਂ ਦੇ ਨਤੀਜੇ ਵਜੋਂ "ਮਾਨਸਿਕ ਸੱਟਾਂ" ਨੂੰ ਸ਼ਾਮਲ ਕੀਤਾ ਹੈ। ਪੀਸ ਬੌਂਡ ਲਈ ਅਪਲਾਈ ਕਰਨ ਵਾਸਤੇ ਤੁਹਾਨੂੰ ਕਿਸੇ ਸਰੀਰਕ ਹਿੰਸਾ ਦਾ ਅਨੁਭਵ ਹੋਇਆ, ਅਨੁਭਵ ਹੋ ਰਿਹਾ ਜਾਂ ਅਨੁਭਵ ਹੋਣ ਦੀ ਸੰਭਾਵਨਾ ਦੀ ਲੋੜ ਨਹੀਂ ਹੈ।

**ਮਿੱਥ 3. ਪੀਸ ਬੌਂਡ ਸਿਰਫ ਤੁਹਾਡੇ ਸਪਾਊਸ ਤੋਂ ਰੱਖਿਆ ਲਈ ਹੀ ਹਨ।**

ਪੀਸ ਬੌਂਡ *ਕਿਸੇ* ਖਿਲਾਫ ਵੀ ਆਰਡਰ ਕੀਤੇ ਜਾ ਸਕਦੇ ਹਨ। ਬੀ ਸੀ ਵਿਚ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰਜ਼ ਦੇ ਉਲਟ, ਜੋ ਕਿ ਲੋਕਾਂ ਦੀ ਸਿਰਫ ਆਪਣੇ ਸਪਾਊਸ ਜਾਂ ਪਰਿਵਾਰ ਦੇ ਹੋਰ ਮੈਂਬਰਾਂ ਤੋਂ ਹੀ ਰੱਖਿਆ ਕਰਦੇ ਹਨ, ਤੁਸੀਂ ਆਪਣੇ ਸਾਬਕਾ ਪਾਰਟਨਰ, ਗੁਆਂਢੀ, ਜਾਂ ਕਿਸੇ ਵੀ ਹੋਰ ਖਿਲਾਫ ਪੀਸ ਬੌਂਡ ਮੰਗ ਸਕਦੇ ਹੋ ਜੋ ਤੁਹਾਡੇ ਡਰਨ ਦਾ ਕਾਰਨ ਬਣ ਰਿਹਾ ਹੈ।

**ਮਿੱਥ 4. ਆਪਣੇ ਸਪਾਊਸ ਖਿਲਾਫ ਪੀਸ ਬੌਂਡ ਲਈ ਅਪਲਾਈ ਕੀਤੇ ਜਾ ਸਕਣ ਤੋਂ ਪਹਿਲਾਂ ਤੁਹਾਡੇ ਲਈ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲੈਣਾ ਜ਼ਰੂਰੀ ਹੈ।**

ਜੇ ਤੁਸੀਂ ਪਰਿਵਾਰ ਦੇ ਮੈਂਬਰ ਤੋਂ ਰੱਖਿਆ ਮੰਗ ਰਹੇ ਹੋ (ਜਿਸ ਵਿਚ ਸਪਾਊਸ ਵੀ ਸ਼ਾਮਲ ਹੈ) ਤਾਂ ਤੁਸੀਂ:

- ਕ੍ਰਿਮੀਨਲ ਕੋਰਟ ਵਿਚ ਪੀਸ ਬੌਂਡ ਮੰਗ ਸਕਦੇ ਹੋ;
- ਫੈਮਿਲੀ ਕੋਰਟ ਵਿਚ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰਜ਼ ਮੰਗ ਸਕਦੇ ਹੋ; ਅਤੇ/ਜਾਂ
- ਦੋਨਾਂ ਕਿਸਮਾਂ ਦੇ ਆਰਡਰ ਮੰਗ ਸਕਦੇ ਹੋ।



ਕਿਸੇ ਉਸ ਵਿਅਕਤੀ ਖਿਲਾਫ ਪੀਸ ਬੌਂਡ ਲਈ ਅਪਲਾਈ ਕਰਨ ਵਾਸਤੇ ਤੁਹਾਡੇ ਨਾਲ ਜੁਰਮ ਕੀਤਾ ਗਿਆ ਹੋਣ ਦੀ ਲੋੜ ਨਹੀਂ ਹੈ ਜਿਸ ਤੋਂ ਤੁਸੀਂ ਡਰਦੇ ਹੋ ਕਿ ਉਹ ਤੁਹਾਨੂੰ ਨੁਕਸਾਨ ਪਹੁੰਚਾਏਗਾ।

ਕੋਈ ਵੀ "ਸਹੀ" ਚੋਣ ਨਹੀਂ ਹੈ। ਭਾਵੇਂ ਪੀਸ ਬੌਂਡਾਂ ਅਤੇ ਪ੍ਰੋਟੈਕਸ਼ਨ ਆਰਡਰਾਂ ਦੋਨਾਂ ਦੇ ਫਾਇਦੇ ਅਤੇ ਨੁਕਸਾਨ ਹਨ, ਤੁਸੀਂ ਇਨ੍ਹਾਂ ਵਿੱਚੋਂ ਕੋਈ ਵੀ ਜਾਂ ਦੋਨਾਂ ਕਿਸਮਾਂ ਦੇ ਆਰਡਰ ਮੰਗ ਸਕਦੇ ਹੋ। ਪੀਸ ਬੌਂਡ ਲਈ ਅਪਲਾਈ ਕਰਨ ਤੋਂ ਪਹਿਲਾਂ ਤੁਹਾਨੂੰ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲੈਣ ਦੀ ਲੋੜ ਨਹੀਂ ਹੈ। ਪਰ, ਤੁਹਾਡੇ ਕੋਲ ਪੀਸ ਬੌਂਡ ਲਈ ਐਪਲੀਕੇਸ਼ਨ ਨਾਲੋਂ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲਈ ਐਪਲੀਕੇਸ਼ਨ ਉੱਪਰ ਜ਼ਿਆਦਾ ਕੰਟਰੋਲ ਹੋਵੇਗਾ, ਕਿਉਂਕਿ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਲਈ ਜੱਜ ਨਾਲ ਗੱਲ ਕਰਨ ਤੋਂ ਪਹਿਲਾਂ ਪੁਲੀਸ ਅਤੇ ਕਰਾਊਨ ਕੌਂਸਲ ਨਾਲ ਕੰਮ ਕਰਨ ਦੀ ਲੋੜ ਨਹੀਂ ਹੁੰਦੀ।

# ਪੀਸ ਬੌਂਡਜ਼ ਅਤੇ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਦੀ ਤੁਲਨਾ ਕਰਨਾ

| **ਸੈਕਸ਼ਨ 810 ਪੀਸ ਬੌਂਡਜ਼** | **ਪ੍ਰੋਟੈਕਸ਼ਨ ਆਰਡਰ** |
|---|---|
| ਕ੍ਰਿਮੀਨਲ ਕੋਰਟ ਵਿਚ ਕੀਤੇ ਜਾਂਦੇ ਹਨ | ਫੈਮਿਲੀ ਕੋਰਟ ਵਿਚ ਕੀਤੇ ਜਾਂਦੇ ਹਨ |
| ਪੀਸ ਬੌਂਡ ਲਈ ਤੁਹਾਡੀ ਐਪਲੀਕੇਸ਼ਨ ਬਾਰੇ ਦੂਜੀ ਧਿਰ ਨੂੰ ਦੱਸੇ ਜਾਣ ਤੋਂ *ਪਹਿਲਾਂ* ਜੱਜ ਲਈ ਇਹ ਸੰਤੁਸ਼ਟ ਹੋਣਾ ਜ਼ਰੂਰੀ ਹੋਵੇਗਾ ਕਿ ਪੀਸ ਬੌਂਡ ਲਈ ਵਾਜਬ ਆਧਾਰ ਹਨ।<br>ਪੀਸ ਬੌਂਡ ਲਈ ਐਪਲੀਕੇਸ਼ਨ ਨਿੱਜੀ ਤੌਰ 'ਤੇ, ਦੂਜੇ ਵਿਅਕਤੀ ਦੀ ਹਾਜ਼ਰੀ ਵਿਚ ਕੀਤੀ ਜਾਣੀ ਜ਼ਰੂਰੀ ਹੈ।<br>ਤੁਹਾਡੇ ਵਲੋਂ ਪਹਿਲਾਂ ਪੀਸ ਬੌਂਡ ਲਈ ਬੇਨਤੀ ਕਰਨ ਅਤੇ ਪੀਸ ਬੌਂਡ ਦੀ ਐਪਲੀਕੇਸ਼ਨ ਲਈ ਸੁਣਵਾਈ ਕੀਤੇ ਜਾਣ ਦੇ ਸਮੇਂ ਵਿਚਕਾਰ, ਤੁਹਾਡੀ ਰੱਖਿਆ ਕਰਨ ਲਈ ਕੋਈ ਆਰਡਰ ਨਹੀਂ ਹੋਣਗੇ। | ਕੁਝ ਕੇਸਾਂ ਵਿਚ, ਸੁਣਵਾਈ ਕਰਨ ਵਾਲਾ ਜੱਜ ਤੁਹਾਡੀ ਐਪਲੀਕੇਸ਼ਨ *ਐਕਸ ਪਾਰਟੀ* ਸੁਣਨਾ ਚਾਹੁੰਦਾ ਹੋ ਸਕਦਾ ਹੈ (ਜਿਸ ਦਾ ਮਤਲਬ ਹੈ ਕਿ ਦੂਜੇ ਵਿਅਕਤੀ ਦੀ ਕੋਰਟ ਵਿਚ ਹਾਜ਼ਰੀ ਤੋਂ ਬਿਨਾਂ)। ਜੇ ਉਹ ਵਿਅਕਤੀ ਬਾਅਦ ਵਿਚ ਪ੍ਰੋਟੈਕਸ਼ਨ ਆਰਡਰ ਨੂੰ ਚੁਣੌਤੀਆਂ ਦਿੰਦਾ ਹੈ ਤਾਂ ਦੋਨਾਂ ਧਿਰਾਂ ਨੂੰ ਕੋਰਟ ਨੂੰ ਵਾਪਸ ਆਉਣਾ ਪੈ ਸਕਦਾ ਹੈ।<br>ਤੁਹਾਨੂੰ ਦੂਜੀ ਧਿਰ ਨੂੰ ਇਹ ਪਤਾ ਲੱਗਣ ਤੋਂ ਪਹਿਲਾਂ ਹੀ ਪ੍ਰੋਟੈਕਸ਼ਨ ਆਰਡਰ ਮਿਲ ਸਕਦਾ ਹੈ ਕਿ ਤੁਸੀਂ ਕੋਰਟ ਵਿਚ ਪੇਸ਼ ਹੋਏ ਸੀ। |
| ਕਿਸੇ ਖਿਲਾਫ ਵੀ ਕੀਤੇ ਜਾ ਸਕਦੇ ਹਨ। | ਅਰਜ਼ੀਕਰਤਾ ਦੇ ਸਪਾਊਸ ਜਾਂ ਸਾਬਕਾ ਸਪਾਊਸ ਖਿਲਾਫ, ਉਸ ਵਿਅਕਤੀ ਖਿਲਾਫ ਜਿਸ ਨਾਲ ਅਰਜ਼ੀਕਰਤਾ ਵਿਆਹ ਵਰਗੇ ਰਿਸ਼ਤੇ ਵਿਚ ਰਹਿੰਦਾ ਹੈ ਜਾਂ ਰਿਹਾ ਹੈ, ਅਰਜ਼ੀਕਰਤਾ ਦੇ ਬੱਚੇ ਦੇ ਮਾਪੇ ਜਾਂ ਗਾਰਡੀਅਨ ਖਿਲਾਫ, ਅਰਜ਼ੀਕਰਤਾ ਦੇ ਬੱਚੇ, ਅਤੇ ਉਨ੍ਹਾਂ ਹੋਰ ਲੋਕਾਂ ਖਿਲਾਫ ਬਣਾਇਆ ਜਾ ਸਕਦਾ ਹੈ ਜਿਹੜੇ ਅਰਜ਼ੀਕਰਤਾ ਨਾਲ ਰਹਿੰਦੇ ਹਨ ਅਤੇ ਅਰਜ਼ੀਕਰਤਾ ਦੇ ਰਿਸ਼ਤੇਦਾਰ ਹਨ। |
| ਟੈੱਸਟ ਵਾਜਬ ਆਧਾਰਾਂ 'ਤੇ ਡਰ ਹੈ ਕਿ ਕੋਈ ਵਿਅਕਤੀ ਅਰਜ਼ੀਕਰਤਾ, ਉਸ ਦੇ ਜਿਗਰੀ ਪਾਰਟਨਰ, ਉਸ ਦੇ ਬੱਚੇ, ਜਾਂ ਉਸ ਦੀ ਪ੍ਰਾਪਰਟੀ (ਜਿਸ ਵਿਚ ਪਾਲਤੂ ਜਾਨਵਰ ਵੀ ਸ਼ਾਮਲ ਹਨ) ਨੂੰ ਨਿੱਜੀ ਨੁਕਸਾਨ (ਸਮੇਤ ਮਾਨਸਿਕ ਸੱਟ ਦੇ) ਕਰੇਗਾ। | ਟੈੱਸਟ ਹੈ ਕਿ ਕੀ ਪਰਿਵਾਰਕ ਹਿੰਸਾ (ਜਿਵੇਂ ਕਿ ਬੀ ਸੀ ਦੇ *ਫੈਮਿਲੀ ਲਾਅ ਐਕਟ* ਵਿਚ ਪ੍ਰਭਾਸ਼ਿਤ ਕੀਤਾ ਗਿਆ ਹੈ) ਹੋਣ ਦੀ ਸੰਭਾਵਨਾ ਹੈ ਜਾਂ ਨਹੀਂ। |
| ਸਬੂਤ ਦਾ ਮਿਆਰ ਸੰਭਾਵਨਾਵਾਂ ਦਾ ਸੰਤੁਲਨ ਹੈ। | ਸਬੂਤ ਦਾ ਮਿਆਰ ਸੰਭਾਵਨਾਵਾਂ ਦਾ ਸੰਤੁਲਨ ਹੈ। |
| ਇਕ ਸਾਲ ਦੀ ਵੱਧ ਤੋਂ ਵੱਧ ਲੰਬਾਈ। | "ਡੀਫਾਲਟ" ਮਿਆਦ ਇਕ ਸਾਲ ਦੀ ਹੈ ਪਰ ਇਹ ਲੰਬੀ ਜਾਂ ਛੋਟੀ ਹੋ ਸਕਦੀ ਹੈ। |
| ਕੈਨੇਡਾ ਵਿਚ ਕਿਤੇ ਵੀ ਲਾਗੂ ਕੀਤਾ ਜਾ ਸਕਦਾ ਹੈ। | ਸਿਰਫ ਬੀ ਸੀ ਵਿਚ ਲਾਗੂ ਕੀਤਾ ਜਾ ਸਕਦਾ ਹੈ। |
| ਉਲੰਘਣਾਵਾਂ ਨਾਲ ਪੁਲੀਸ ਵਲੋਂ ਨਿਪਟਿਆ ਜਾਂਦਾ ਹੈ ਅਤੇ ਇਨ੍ਹਾਂ ਦਾ *ਕ੍ਰਿਮੀਨਲ ਕੋਡ* ਦੇ ਸੈਕਸ਼ਨ 811 ਹੇਠ ਮੁਕੱਦਮਾ ਚਲਾਇਆ ਜਾਂਦਾ ਹੈ। | ਉਲੰਘਣਾਵਾਂ ਨਾਲ ਪੁਲੀਸ ਵਲੋਂ ਨਿਪਟਿਆ ਜਾਂਦਾ ਹੈ ਅਤੇ ਇਨ੍ਹਾਂ ਦਾ *ਕ੍ਰਿਮੀਨਲ ਕੋਡ* ਦੇ ਸੈਕਸ਼ਨ 127 ਹੇਠ ਮੁਕੱਦਮਾ ਚਲਾਇਆ ਜਾਂਦਾ ਹੈ। |

# ਆਮ ਪੁੱਛੇ ਜਾਣ ਵਾਲੇ ਸਵਾਲ



### ਕੀ ਮੈਂ ਉਸ ਖਿਲਾਫ ਪੀਸ ਬੌਂਡ ਦਾ ਆਰਡਰ ਹੋਣ ਤੋਂ ਬਾਅਦ ਉਸ ਨੂੰ ਦੇਖ ਜਾਂ ਉਸ ਨਾਲ ਸੰਪਰਕ ਕਰ ਸਕਦੀ/ਸਕਦਾ ਹਾਂ?

ਪੀਸ ਬੌਂਡ ਦਾ ਆਰਡਰ ਹੋ ਜਾਣ ਤੋਂ ਬਾਅਦ, ਜਿਹੜਾ ਵਿਅਕਤੀ ਇਸ ਦਾ ਪਾਬੰਦ ਹੈ ਉਸ ਲਈ ਆਰਡਰ ਵਿਚ ਦਰਜ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ। ਆਮ ਤੌਰ ’ਤੇ, ਇਨ੍ਹਾਂ ਸ਼ਰਤਾਂ ਵਿਚ ਇਕ ਸ਼ਰਤ ਇਹ ਕਹੇਗੀ ਕਿ ਉਹ ਵਿਅਕਤੀ ਤੁਹਾਡੇ ਨਾਲ ਸੰਪਰਕ ਨਹੀਂ ਕਰ ਸਕਦਾ। ਜੇ ਇਸ ਤਰ੍ਹਾਂ ਹੈ ਤਾਂ ਜੇ ਉਹ ਵਿਅਕਤੀ ਤੁਹਾਡੇ ਨਾਲ ਸੰਪਰਕ ਕਰਦਾ ਹੈ ਤਾਂ ਉਸ ਨੂੰ ਕੋਰਟ ਆਰਡਰ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਮੁਜਰਮਾਨਾ ਤੌਰ ’ਤੇ ਚਾਰਜ ਕੀਤਾ ਜਾ ਸਕਦਾ ਹੈ।

ਆਮ ਤੌਰ ’ਤੇ, ਜੇ ਤੁਸੀਂ ਕਿਸੇ ਖਿਲਾਫ ਪੀਸ ਬੌਂਡ ਲਈ ਅਪਲਾਈ ਕੀਤਾ ਹੈ ਤਾਂ ਤੁਸੀਂ ਕਿਸੇ ਆਰਡਰ ਦੇ ਪਾਬੰਦ ਨਹੀਂ ਹੋਵੋਗੇ, ਅਤੇ ਤੁਹਾਨੂੰ ਕਿਸੇ ਚੀਜ਼ ਦੀ ਉਲੰਘਣਾ ਕਰਨ ਲਈ ਚਾਰਜ ਨਹੀਂ ਕੀਤਾ ਜਾ ਸਕਦਾ। ਜੇ ਤੁਸੀਂ ਪੀਸ ਬੌਂਡ ਦਾ ਆਰਡਰ ਹੋ ਜਾਣ ਤੋਂ ਬਾਅਦ ਉਸ ਵਿਅਕਤੀ ਨੂੰ ਮਿਲਣ ਲਈ ਕਹਿੰਦੇ ਹੋ ਤਾਂ ਉਸ ਨੂੰ ਆਰਡਰ ਦੀ ਉਲੰਘਣਾ ਕਰਨ ਲਈ ਚਾਰਜ ਕੀਤਾ ਜਾ ਸਕਦਾ ਹੈ ਅਤੇ ਤੁਹਾਨੂੰ ਚਾਰਜ ਨਹੀਂ ਕੀਤਾ ਜਾ ਸਕਦਾ।

ਪਰ, ਜੇ ਤੁਸੀਂ ਮਰਜ਼ੀ ਨਾਲ ਦੂਜੇ ਵਿਅਕਤੀ ਨਾਲ ਸੰਪਰਕ ਰੱਖ ਰਹੇ ਹੋਵੋ ਤਾਂ ਇਹ ਕੋਰਟ ਅਤੇ ਪੁਲੀਸ ਨੂੰ ਇਹ ਇਸ਼ਾਰਾ ਹੋ ਸਕਦਾ ਹੈ ਕਿ ਤੁਸੀਂ ਅਸਲ ਵਿਚ ਡਰਦੇ ਨਹੀਂ ਹੋ। ਇਹ ਭਵਿੱਖ ਵਿਚ ਹੋਰ ਪੀਸ ਬੌਂਡ ਲੈਣ ਨੂੰ ਜ਼ਿਆਦਾ ਔਖਾ ਜਾਂ ਭਵਿੱਖ ਵਿਚ ਮਾਮਲੇ ਨੂੰ ਗੰਭੀਰਤਾ ਨਾਲ ਲੈਣਾ ਔਖਾ ਬਣਾ ਸਕਦਾ ਹੈ। ਜੇ ਤੁਸੀਂ ਪੀਸ ਬੌਂਡ ਮੰਗਿਆ ਹੈ ਤਾਂ ਤੁਹਾਨੂੰ ਦੂਜੇ ਵਿਅਕਤੀ ਨੂੰ ਸ਼ਰਤਾਂ ਦੀ ਉਲੰਘਣਾ ਕਰਨ ਲਈ ਸੱਦਾ ਨਾ ਦੇਣ ਲਈ ਤਿਆਰ ਹੋਣਾ ਚਾਹੀਦਾ ਹੈ।

ਜੇ ਵਿਅਕਤੀ ਤੁਹਾਡੇ ਨਾਲ ਸੰਪਰਕ ਕਰਦਾ ਹੈ ਤਾਂ ਉਸ ਨੂੰ ਕ੍ਰਿਮੀਨਲ ਆਰਡਰ ਦੀ ਉਲੰਘਣਾ ਕਰਨ ਲਈ ਚਾਰਜ ਕੀਤਾ ਜਾ ਸਕਦਾ ਹੈ।



ਜੇ ਤੁਸੀਂ "ਸਾਂਝੇ" ਪੀਸ ਬੌਂਡ 'ਤੇ ਦਸਖ਼ਤ ਕੀਤੇ ਹਨ ਤਾਂ ਹਾਲਤ ਵੱਖਰੀ ਹੈ। ਕਦੇ ਕਦੇ, ਜਿਸ ਵਿਅਕਤੀ ਤੋਂ ਤੁਸੀਂ ਰੱਖਿਆ ਮੰਗ ਰਹੇ ਹੋ, ਉਹ ਕੋਰਟ ਨੂੰ ਇਹ ਦੱਸੇਗਾ ਕਿ ਉਸ ਨੂੰ ਵੀ ਤੁਹਾਡੇ ਤੋਂ ਰੱਖਿਆ ਦੀ ਲੋੜ ਹੈ। ਜਾਂ ਉਹ ਉਦੋਂ ਤੱਕ ਪੀਸ ਬੌਂਡ 'ਤੇ ਦਸਖ਼ਤ ਕਰਨ ਤੋਂ ਨਾਂਹ ਕਰ ਸਕਦਾ ਹੈ ਜਦ ਤੱਕ ਤੁਸੀਂ ਵੀ ਦਸਖ਼ਤ ਨਹੀਂ ਕਰਦੇ। ਇਨ੍ਹਾਂ ਹਾਲਤਾਂ ਵਿਚ, ਕੋਰਟ ਇਕ ਸਾਂਝਾ ਪੀਸ ਬੌਂਡ ਜਾਰੀ ਕਰ ਸਕਦੀ ਹੈ, ਜਿਸ ਦਾ ਮਤਲਬ ਹੈ ਕਿ ਤੁਹਾਡੇ ਲਈ ਵੀ ਪੀਸ ਬੌਂਡ ਦੀਆਂ ਸ਼ਰਤਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ। ਕਾਨੂੰਨੀ ਸਲਾਹ ਲਏ ਬਿਨਾਂ ਸਾਂਝੇ ਪੀਸ ਬੌਂਡ 'ਤੇ ਦਸਖ਼ਤ ਨਾ ਕਰੋ। ਜੇ ਤੁਸੀਂ ਸਾਂਝੇ ਪੀਸ ਬੌਂਡ ਉੱਪਰ ਦਸਖ਼ਤ ਕੀਤੇ ਹਨ ਅਤੇ ਜੇ ਤੁਸੀਂ ਕੋਈ ਸ਼ਰਤ ਤੋੜਦੇ ਹੋ ਤਾਂ ਤੁਹਾਨੂੰ ਚਾਰਜ ਕੀਤਾ ਜਾ ਸਕਦਾ ਹੈ, ਅਤੇ ਜਿਸ ਵਿਅਕਤੀ ਤੋਂ ਤੁਸੀਂ ਰੱਖਿਆ ਮੰਗ ਰਹੇ ਹੋ ਉਹ ਤੁਹਾਨੂੰ ਸਾਂਝੇ ਪੀਸ ਬੌਂਡ ਦੀਆਂ ਸ਼ਰਤਾਂ ਤੋੜਨ ਲਈ ਫਸਾਉਣ ਦੀ ਕੋਸ਼ਿਸ਼ ਕਰ ਸਕਦਾ ਹੈ।

## ਜੇ ਮੈਂ ਸੂਬੇ, ਦੇਸ਼ ਤੋਂ ਬਾਹਰ ਚਲੀ/ਚਲਾ ਜਾਵਾਂ?

ਪੀਸ ਬੌਂਡ ਕੈਨੇਡਾ ਭਰ ਵਿਚ ਲਾਗੂ ਕੀਤੇ ਜਾ ਸਕਦੇ ਹਨ, ਪਰ ਕੈਨੇਡਾ ਤੋਂ ਬਾਹਰ ਨਹੀਂ। ਪਰ, ਤੁਹਾਨੂੰ ਅਜੇ ਵੀ ਪੁਲੀਸ ਨਾਲ ਸੰਪਰਕ ਕਰਨਾ ਚਾਹੀਦਾ ਹੈ ਜੇ ਉਸ ਵਿਅਕਤੀ ਨੇ ਕੈਨੇਡਾ ਤੋਂ ਬਾਹਰ ਹੋਣ ਦੌਰਾਨ ਤੁਹਾਡੇ ਨਾਲ ਸੰਪਰਕ ਕਰਕੇ ਆਪਣੇ ਪੀਸ ਬੌਂਡ ਦੀ ਉਲੰਘਣਾ ਕੀਤੀ ਹੈ। ਪੁਲੀਸ ਤੁਹਾਨੂੰ ਸੁਝਾਅ ਦੇ ਸਕਦੀ ਹੈ ਕਿ ਤੁਹਾਨੂੰ ਕੀ ਕਰਨਾ ਚਾਹੀਦਾ ਹੈ ਜੇ ਜਾਂ ਜਦੋਂ ਉਹ ਵਿਅਕਤੀ ਕੈਨੇਡਾ ਵਾਪਸ ਆਉਂਦਾ ਹੈ। ਪੀਸ ਬੌਂਡ ਦੀ ਕਾਪੀ ਸਦਾ ਆਪਣੇ ਕੋਲ ਰੱਖੋ ਤਾਂ ਜੋ ਤੁਸੀਂ ਇਹ ਪੁਲੀਸ ਨੂੰ ਦਿਖਾ ਸਕੋ ਜੇ ਉਹ ਵਿਅਕਤੀ ਪੀਸ ਬੌਂਡ ਦੀ ਉਲੰਘਣਾ ਕਰਦਾ ਹੈ।

## ਜੇ ਉਹ ਵਿਅਕਤੀ ਜਿਸ ਖ਼ਿਲਾਫ਼ ਮੈਂ ਪੀਸ ਬੌਂਡ ਲਿਆ ਹੈ, ਪੀਸ ਬੌਂਡ ਵਿਚ ਕੋਈ-ਸੰਪਰਕ ਨਹੀਂ ਦੀ ਸ਼ਰਤ ਦੇ ਬਾਵਜੂਦ ਮੇਰੇ ਘਰ ਆ ਜਾਂਦਾ ਹੈ ਤਾਂ ਕੀ ਕਰਨਾ ਹੈ?

911 ਨੂੰ ਫੋਨ ਕਰੋ। ਪੁਲੀਸ ਨੂੰ ਪੀਸ ਬੌਂਡ ਦੀ ਆਪਣੀ ਕਾਪੀ ਦਿਖਾਉ।

## ਕੀ ਮੈਂ ਆਪਣਾ ਪੀਸ ਬੌਂਡ ਬਦਲ ਸਕਦੀ/ਸਕਦਾ ਹਾਂ? ਕੀ ਮੈਂ ਇਸ ਨੂੰ ਕੈਂਸਲ ਕਰ ਸਕਦੀ/ਸਕਦਾ ਹਾਂ?

ਹਾਂ, ਪਰ ਤੁਸੀਂ ਇਹ ਆਪਣੇ ਆਪ ਨਹੀਂ ਕਰ ਸਕਦੇ ਕਿਉਂਕਿ ਪੀਸ ਬੌਂਡ ਕੋਰਟ ਦਾ ਆਰਡਰ ਹੈ। ਤੁਸੀਂ ਜਾਂ ਦੂਜਾ ਵਿਅਕਤੀ ਜੱਜ ਨੂੰ ਇਹ ਕਹਿਣ ਲਈ ਕੋਰਟ ਕੋਲ ਅਪਲਾਈ ਕਰ ਸਕਦੇ ਹੋ ਕਿ ਉਹ ਪੀਸ ਬੌਂਡ ਵਿਚਲੀਆਂ ਸ਼ਰਤਾਂ ਬਦਲਣ। ਜੇ ਤੁਸੀਂ ਪੀਸ ਬੌਂਡ ਦੀਆਂ ਸ਼ਰਤਾਂ ਵਿਚ ਤਬਦੀਲੀ ਕਰਨਾ ਚਾਹੁੰਦੇ ਹੋਵੋ ਤਾਂ ਪੁਲੀਸ ਜਾਂ ਕੋਰਟ ਰਜਿਸਟਰੀ ਨਾਲ ਸੰਪਰਕ ਕਰੋ।

ਜੇ ਉਹ ਵਿਅਕਤੀ ਜਿਸ ਖ਼ਿਲਾਫ਼ ਤੁਸੀਂ ਪੀਸ ਬੌਂਡ ਲਿਆ ਹੈ, ਪੀਸ ਬੌਂਡ ਵਿਚ ਕੋਈ-ਸੰਪਰਕ ਨਹੀਂ ਦੀ ਸ਼ਰਤ ਦੇ ਬਾਵਜੂਦ ਤੁਹਾਡੇ ਘਰ ਆ ਜਾਂਦਾ ਹੈ ਤਾਂ 911 ਨੂੰ ਫੋਨ ਕਰੋ। ਪੁਲੀਸ ਨੂੰ ਪੀਸ ਬੌਂਡ ਦੀ ਆਪਣੀ ਕਾਪੀ ਦਿਖਾਉ।



## ਕੀ ਮੈਂ ਆਪਣਾ ਪੀਸ ਬੌਂਡ ਨਵਿਆ ਸਕਦੀ/ਸਕਦਾ ਹਾਂ?

ਤੁਸੀਂ ਪੀਸ ਬੌਂਡ ਨਵਿਆ ਨਹੀਂ ਸਕਦੇ, ਇਸ ਲਈ ਜੇ ਤੁਸੀਂ ਇਕ ਸਾਲ ਨਾਲੋਂ ਜ਼ਿਆਦਾ ਸਮਾਂ ਰੱਖਿਆ ਚਾਹੁੰਦੇ ਹੋ ਤਾਂ ਤੁਹਾਡੇ ਲਈ ਬਿਲਕੁਲ ਨਵੇਂ ਪੀਸ ਬੌਂਡ ਲਈ ਅਪਲਾਈ ਕਰਨਾ ਜ਼ਰੂਰੀ ਹੈ। ਪਰ, ਤੁਹਾਨੂੰ ਆਪਣੇ ਪੁਰਾਣੇ ਪੀਸ ਬੌਂਡ ਦੇ ਖਤਮ ਹੋਣ ਦੀ ਤਾਰੀਕ ਤੋਂ ਪਹਿਲਾਂ ਨਵੇਂ ਪੀਸ ਬੌਂਡ ਲਈ ਅਪਲਾਈ ਕਰਨ ਦੀ ਆਗਿਆ ਹੈ।

## ਕੀ ਮੈਨੂੰ ਕੋਰਟ ਜਾਣ ਦੀ ਲੋੜ ਹੈ?

ਤੁਹਾਨੂੰ ਪੀਸ ਬੌਂਡ ਲੈਣ ਲਈ ਕੋਰਟ ਨੂੰ ਜਾਣ ਦੀ ਲੋੜ ਪੈਣ ਦੀ ਸੰਭਾਵਨਾ ਹੋਵੇਗੀ। ਇਹ ਸੰਭਵ ਹੈ ਕਿ ਜਿਸ ਵਿਅਕਤੀ ਤੋਂ ਤੁਸੀਂ ਡਰਦੇ ਹੋ ਉਹ ਪੀਸ ਬੌਂਡ ਲਈ ਸਹਿਮਤ ਹੋ ਸਕਦਾ ਹੈ, ਜਿਸ ਦਾ ਮਤਲਬ ਹੈ ਕਿ ਜੱਜ ਨੂੰ ਤੁਹਾਡੇ ਸਬੂਤ ਸੁਣਨ ਦੀ ਲੋੜ ਨਹੀਂ ਹੈ। ਪਰ, ਜੇ ਉਹ ਵਿਅਕਤੀ ਪੀਸ ਬੌਂਡ ਲਈ ਸਹਿਮਤ ਨਹੀਂ ਹੁੰਦਾ ਤਾਂ ਤੁਹਾਨੂੰ ਕੋਰਟ ਵਿਚ ਜਾਣ ਅਤੇ ਗਵਾਹੀ ਦੇਣ ਦੀ ਲੋੜ ਪਵੇਗੀ। ਉਹ ਵਿਅਕਤੀ ਗਵਾਹੀ ਦੇ ਸਕਦਾ ਹੈ ਪਰ ਉਸ ਲਈ ਇਹ ਕਰਨਾ ਜ਼ਰੂਰੀ ਨਹੀਂ ਹੈ।

ਜੇ ਤੁਸੀਂ ਪੁਲੀਸ ਦੀ ਮਦਦ ਤੋਂ ਬਿਨਾਂ ਪੀਸ ਬੌਂਡ ਲਈ ਅਪਲਾਈ ਕਰਦੇ ਹੋ, ਜਾਂ ਜੇ ਪੁਲੀਸ ਪੀਸ ਬੌਂਡ ਦੀ ਤੁਹਾਡੀ ਐਪਲੀਕੇਸ਼ਨ ਨਾਲ ਅੱਗੇ ਵਧਣ ਤੋਂ ਨਾਂਹ ਕਰ ਦਿੰਦੀ ਹੈ ਤਾਂ ਤੁਹਾਨੂੰ ਪੀਸ ਬੌਂਡ ਦੀ ਐਪਲੀਕੇਸ਼ਨ ਸ਼ੁਰੂ ਕਰਨ ਲਈ ਕਹਿਣ ਲਈ ਕੋਰਟ ਰਜਿਸਟਰੀ ਜਾਣਾ ਪਵੇਗਾ। ਇਸ ਕਰਕੇ, ਭਾਵੇਂ ਤੁਹਾਨੂੰ ਪੁਲੀਸ ਤੋਂ ਮਦਦ ਮਿਲਦੀ ਹੈ ਜਾਂ ਨਹੀਂ, ਪੀਸ ਬੌਂਡ ਲਈ ਅਪਲਾਈ ਕਰਨ ਦੌਰਾਨ ਕਿਸੇ ਪੌਆਇੰਟ 'ਤੇ ਤੁਹਾਡੀ ਕੋਰਟਹਾਊਸ ਜਾਣ ਦੀ ਬਹੁਤ ਸੰਭਾਵਨਾ ਹੋਵੇਗੀ।

## ਇਸ ਨੂੰ ਕਿੰਨਾ ਸਮਾਂ ਲੱਗੇਗਾ?

ਪੀਸ ਬੌਂਡ ਉਸ ਸਮੇਂ ਤੋਂ ਲਾਗੂ ਹੋਵੇਗਾ ਜਦੋਂ ਇਹ ਆਰਡਰ ਕੀਤਾ ਜਾਂਦਾ ਹੈ ਨਾ ਕਿ ਉਸ ਸਮੇਂ ਤੋਂ ਸ਼ੁਰੂ ਕਰਕੇ ਜਦੋਂ ਤੁਸੀਂ ਇਹ ਮੰਗਿਆ ਸੀ। ਪੀਸ ਬੌਂਡ ਲਈ ਅਪਲਾਈ ਕਰਨ ਦੀ ਕਾਰਵਾਈ ਦੌਰਾਨ ਤੁਸੀਂ ਸੁਰੱਖਿਅਤ ਨਹੀਂ ਹੋਵੋਗੇ। ਐਪਲੀਕੇਸ਼ਨ ਦੀ ਕਾਰਵਾਈ ਨੂੰ ਸੇਧ ਪੁਲੀਸ ਅਤੇ ਕਰਾਊਨ ਕੌਂਸਲ ਤੋਂ ਮਿਲਦੀ ਹੈ ਜੋ ਕਿ ਪੜਤਾਲ ਪੂਰੀ ਕਰਨ ਲਈ ਉਨ੍ਹਾਂ ਦੇ ਸਮੇਂ 'ਤੇ ਨਿਰਭਰ ਕਰਦਾ ਹੈ। ਪੁਲੀਸ ਪੜਤਾਲਾਂ ਅਤੇ ਕਰਾਊਨ ਕੌਂਸਲ ਨੂੰ ਰਿਪੋਰਟਾਂ ਨੂੰ ਬਹੁਤ ਲੰਬਾ ਸਮਾਂ ਲੱਗ ਸਕਦਾ ਹੈ, ਇਸ ਕਰਕੇ ਪੀਸ ਬੌਂਡ ਮੰਗਣਾ ਐਮਰਜੰਸੀਆਂ ਲਈ ਢੁਕਵਾਂ ਹੱਲ ਨਹੀਂ ਹੋ ਸਕਦਾ ਹੈ। ਜੇ ਤੁਸੀਂ ਖਤਰੇ ਵਿਚ ਹੋ ਤਾਂ ਤੁਹਾਨੂੰ ਸੇਫਟੀ ਦੀ ਪਲੈਨਿੰਗ ਬਣਾਉਣ ਦੀ ਲੋੜ ਹੈ। ਅਸੀਂ ਇਹ ਸਮਝਦੇ ਹਾਂ ਕਿ ਤੁਸੀਂ ਲੰਬੇ ਸਮੇਂ ਲਈ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਲਈ ਉਹ ਹਰ ਚੀਜ਼ ਕਰ ਰਹੇ ਹੋ ਜਿਹੜੀ ਤੁਸੀਂ ਕਰ ਸਕਦੇ ਹੋ। ਇਹ ਦੇਖਣ ਲਈ ਵਿਕਟਿਮਲਿੰਕ ਬੀ ਸੀ ਨਾਲ 1-800-563-0808 'ਤੇ ਸੰਪਰਕ ਕਰੋ ਕਿ ਕੀ ਉਹ ਕਿਸੇ ਚੀਜ਼ ਵਿਚ ਤੁਹਾਡੀ ਮਦਦ ਕਰ ਸਕਦੇ ਹਨ।

ਪੁਲੀਸ ਪੜਤਾਲਾਂ ਅਤੇ ਕਰਾਊਨ ਕੌਂਸਲ ਨੂੰ ਰਿਪੋਰਟਾਂ ਨੂੰ ਬਹੁਤ ਲੰਬਾ ਸਮਾਂ ਲੱਗ ਸਕਦਾ ਹੈ, ਇਸ ਕਰਕੇ ਪੀਸ ਬੌਂਡ ਮੰਗਣਾ ਐਮਰਜੰਸੀਆਂ ਲਈ ਢੁਕਵਾਂ ਹੱਲ ਨਹੀਂ ਹੋ ਸਕਦਾ ਹੈ। ਜੇ ਤੁਸੀਂ ਖਤਰੇ ਵਿਚ ਹੋ ਤਾਂ ਤੁਹਾਨੂੰ ਸੇਫਟੀ ਦੀ ਪਲੈਨਿੰਗ ਬਣਾਉਣ ਦੀ ਲੋੜ ਹੈ।



## ਮੇਰੀ ਮਦਦ ਕੌਣ ਕਰ ਸਕਦਾ ਹੈ?

ਪੀਸ ਬੌਂਡ ਵਿਚ ਮਦਦ ਲਈ ਤੁਸੀਂ ਲੋਕਲ ਪੁਲੀਸ ਜਾਂ ਆਰ ਸੀ ਐੱਮ ਪੀ ਨਾਲ ਸੰਪਰਕ ਕਰ ਸਕਦੇ ਹੋ। ਪੁਲੀਸ ਨਾਲ ਸੰਪਰਕ ਕਰਨ ਵਿਚ ਆਪਣੀ ਮਦਦ ਲਈ ਤੁਸੀਂ ਕਮਿਊਨਟੀ ਆਧਾਰਿਤ ਕਿਸੇ ਵਿਕਟਿਮ ਸਰਵਿਸਿਜ਼ ਵਰਕਰ ਨੂੰ ਪੁੱਛ ਸਕਦੇ ਹੋ।

## ਕੀ ਮੈਂ ਗੁਮਨਾਮ ਰਹਾਂਗੀ/ਰਹਾਂਗਾ?/ਕੀ ਮੇਰੇ ਵਲੋਂ ਸਾਂਝੀ ਕੀਤੀ ਜਾਣ ਵਾਲੀ ਜਾਣਕਾਰੀ ਗੁਪਤ ਰੱਖੀ ਜਾਵੇਗੀ?

ਨਹੀਂ। ਜੇ ਪੁਲੀਸ ਅਤੇ ਕਰਾਊਨ ਕੌਂਸਲ ਤੁਹਾਡੀ ਤਰਫੋਂ ਪੀਸ ਬੌਂਡ ਦੀ ਐਪਲੀਕੇਸ਼ਨ ਨਾਲ ਅੱਗੇ ਵਧਣ ਦਾ ਫੈਸਲਾ ਕਰਦੇ ਹਨ ਤਾਂ ਤੁਹਾਡੇ ਵਲੋਂ ਦਿੱਤੀ ਗਈ ਜਾਣਕਾਰੀ ਦੂਜੇ ਵਿਅਕਤੀ ਨੂੰ ਮਿਲੇਗੀ ਕਿਉਂਕਿ ਉਸ ਨੂੰ ਆਪਣੇ ਖਿਲਾਫ ਕੇਸ ਨੂੰ ਜਾਣਨ ਦਾ ਹੱਕ ਹੈ। ਭਾਵੇਂ ਪੁਲੀਸ ਅਤੇ ਕਰਾਊਨ ਕੌਂਸਲ ਅੱਗੇ ਨਾ ਵਧਣ ਦਾ ਫੈਸਲਾ ਵੀ ਕਰਨ, ਦੂਜੇ ਵਿਅਕਤੀ ਨੂੰ ਇਹ ਪਤਾ ਲੱਗਣ ਦੀ ਸੰਭਾਵਨਾ ਹੋਵੇਗੀ ਕਿ ਉਸ ਦੀ ਪੜਤਾਲ ਕੀਤੀ ਜਾ ਰਹੀ ਹੈ। ਤੁਹਾਨੂੰ ਇਸ ਸਚਾਈ ਲਈ ਤਿਆਰ ਹੋਣਾ ਚਾਹੀਦਾ ਹੈ ਕਿ ਦੂਜੇ ਵਿਅਕਤੀ ਨੂੰ ਇਹ ਪਤਾ ਲੱਗੇਗਾ ਕਿ ਤੁਸੀਂ ਪੀਸ ਬੌਂਡ ਮੰਗਿਆ ਹੈ। ਇਹ ਪੱਕਾ ਕਰੋ ਕਿ ਸੇਫਟੀ ਦੀ ਤੁਹਾਡੀ ਪਲੈਨਿੰਗ ਤਾਜ਼ੀ ਹੈ।

ਇਸ ਦੇ ਇਲਾਵਾ, ਕੈਨੇਡਾ ਦੀਆਂ ਕੋਰਟਾਂ ਆਮ ਤੌਰ ’ਤੇ ਲੋਕਾਂ ਲਈ ਖੁੱਲ੍ਹੀਆਂ ਹਨ। ਇਸ ਦਾ ਮਤਲਬ ਹੈ ਕਿ ਲੋਕਾਂ ਦੀ ਪਹੁੰਚ ਵਾਲੇ ਰਿਕਾਰਡ ਜਾਂ ਫੈਸਲੇ ਹੋ ਸਕਦੇ ਹਨ, ਅਤੇ ਜੇ ਪਬਲੀਕੇਸਲਨ ਬੈਨ ਦਾ ਆਰਡਰ ਨਹੀਂ ਕੀਤਾ ਗਿਆ ਤਾਂ ਪੱਤਰਕਾਰਾਂ ਵਲੋਂ ਕਵਰੇਜ ਵੀ ਹੋ ਸਕਦੀ ਹੈ।

## ਕੀ ਮੇਰੇ ਲਈ ਪੁਲੀਸ ਨਾਲ ਸੰਪਰਕ ਕਰਨਾ ਜ਼ਰੂਰੀ ਹੈ?

ਪੀਸ ਬੌਂਡ ਲੈਣ ਦੀ ਆਪਣੀ ਕੋਸ਼ਿਸ਼ ਦੌਰਾਨ ਕਿਸੇ ਪੋਆਇੰਟ ’ਤੇ ਤੁਹਾਨੂੰ ਪੁਲੀਸ ਨਾਲ ਗੱਲ ਕਰਨ ਦੀ ਤਕਰੀਬਨ ਜ਼ਰੂਰ ਹੀ ਲੋੜ ਪਵੇਗੀ, ਭਾਵੇਂ ਤੁਸੀਂ ਕੋਰਟ ਤੱਕ ਸਿੱਧਾ ਪਹੁੰਚ ਕਰਨ ਦੀ ਕੋਸ਼ਿਸ਼ ਵੀ ਕਰਦੇ ਹੋ ਕਿਉਂਕਿ ਜਦੋਂ ਕਰਾਊਨ ਕੌਂਸਲ ਨੂੰ ਤੁਹਾਡੇ ਕੇਸ ਦੀ ਸੂਚਨਾ ਦੇ ਦਿੱਤੀ ਗਈ ਤਾਂ ਸੰਭਾਵਨਾ ਹੈ ਕਿ ਉਹ ਕੇਸ ਨੂੰ ਪੜਤਾਲ ਲਈ ਵਾਪਸ ਪੁਲੀਸ ਕੋਲ ਭੇਜੇਗਾ।

ਜੇ ਕੋਈ ਪੀਸ ਬੌਂਡ ਦੀ ਉਲੰਘਣਾ ਕਰਦਾ ਹੈ ਤਾਂ ਆਰਡਰ ਨੂੰ ਲਾਗੂ ਕਰਵਾਉਣ ਲਈ ਤੁਹਾਨੂੰ ਪੁਲੀਸ ਨੂੰ ਫੋਨ ਕਰਨ ਦੀ ਲੋੜ ਪਵੇਗੀ। ਇਹ ਤਾਂ ਵੀ ਸੱਚ ਹੈ ਜੇ ਕੋਈ ਫੈਮਿਲੀ ਲਾਅ ਪ੍ਰੋਟੈਕਸ਼ਨ ਆਰਡਰ ਵੀ ਤੋੜਦਾ ਹੈ।


## ਕੀ ਪੀਸ ਬੌਂਡ ਲੈਣ ਦੇ ਕੋਈ ਹੋਰ ਤਰੀਕੇ ਹਨ?

ਹਾਂ। ਇਹ ਆਮ ਪ੍ਰੈਕਟਿਸ ਹੈ ਕਿ ਪਲੀਅ ਬਾਰਗੇਨਿੰਗ ਦੌਰਾਨ ਕਥਿਤ ਦੋਸ਼ੀ ਦੇ ਪੀਸ ਬੌਂਡ ਲਈ ਸਹਿਮਤ ਹੋਣ ਦੇ ਬਦਲੇ ਵਿਚ ਉਸ ’ਤੇ ਲੱਗੇ ਮੁਜਰਮਾਨਾ ਚਾਰਜ ਵਾਪਸ ਲੈ ਲਏ ਜਾਂਦੇ ਹਨ। ਕਥਿਤ ਦੋਸ਼ੀ ਨੂੰ ਆਪਣੇ ਕੇਸ ਦਾ ਹੱਲ ਕਰਨ ਲਈ ਸੈਕਸ਼ਨ 810 ਪੀਸ ਬੌਂਡ ਵਿਚ ਜਾਂ ਕੌਮਨ ਲਾਅ ਪੀਸ ਬੌਂਡ ਵਿਚ ਸ਼ਾਮਲ ਹੋਣ ਲਈ ਕਿਹਾ ਜਾ ਸਕਦਾ ਹੈ।

ਪੀਸ ਬੌਂਡਜ਼ ਕੌਮਨ ਲਾਅ ਹੇਠ ਵੀ ਆਰਡਰ ਕੀਤੇ ਜਾ ਸਕਦੇ ਹਨ। ਕੌਮਨ ਲਾਅ ਪੀਸ ਬੌਂਡਜ਼ ਦਾ ਕਾਨੂੰਨੀ ਟੈੱਸਟ, ਸੈਕਸ਼ਨ 810 ਹੇਠਲੇ ਪੀਸ ਬੌਂਡਜ਼ ਨਾਲੋਂ ਵੱਖਰਾ ਹੁੰਦਾ ਹੈ ਅਤੇ ਇਹ ਕਾਨੂੰਨ ਦੇ ਵੱਖ ਵੱਖ ਸ੍ਰੋਤਾਂ ਤੋਂ ਨਿਕਲਦੇ ਹਨ। ਕੌਮਨ ਲਾਅ ਪੀਸ ਬੌਂਡਜ਼ ਉੱਪਰ ਇਕ ਸਾਲ ਦੀ ਲਾਜ਼ਮੀ ਹੱਦ ਲਾਗੂ ਨਹੀਂ ਹੁੰਦੀ। ਕੌਮਨ ਲਾਅ ਪੀਸ ਬੌਂਡਜ਼ ਕਿਉਂਕਿ ਬੀ ਸੀ ਵਿਚ ਆਮ ਲੋਕਾਂ ਦੀ ਪਹੁੰਚ ਵਿਚ ਨਹੀਂ ਹਨ, ਇਸ ਕਰਕੇ ਅਸੀਂ ਇੱਥੇ ਕੌਮਨ ਲਾਅ ਪੀਸ ਬੌਂਡਜ਼ ਬਾਰੇ ਹੋਰ ਜਾਣਕਾਰੀ ਨਹੀਂ ਦਿੱਤੀ।




ਇਹ ਆਮ ਪ੍ਰੈਕਟਿਸ ਹੈ ਕਿ ਪਲੀਅ ਬਾਰਗੇਨਿੰਗ ਦੌਰਾਨ ਕਥਿਤ ਦੋਸ਼ੀ ਦੇ ਪੀਸ ਬੌਂਡ ਲਈ ਸਹਿਮਤ ਹੋਣ ਦੇ ਬਦਲੇ ਵਿਚ ਉਸ ’ਤੇ ਲੱਗੇ ਮੁਜਰਮਾਨਾ ਚਾਰਜ ਵਾਪਸ ਲੈ ਲਏ ਜਾਂਦੇ ਹਨ।




ਰਾਈਜ਼ ਵਿਮਨਜ਼ ਲੀਗਲ ਸੈਂਟਰ ਵਲੋਂ ਤਿਆਰ ਕੀਤੀਆਂ ਜਾਂਦੀਆਂ ਲੋਕਾਂ ਨੂੰ ਜਾਣਕਾਰੀ ਦੇਣ ਵਾਲੀਆਂ ਗਾਈਡਾਂ ਅਕਸਰ ਕਈ ਬੋਲੀਆਂ ਵਿਚ ਛਾਪੀਆਂ ਜਾਂਦੀਆਂ ਹਨ।


ਇਸ ਲਿਖਤ ਦੇ ਉਪਲਬਧ ਅਨੁਵਾਦ ਦੇਖਣ ਲਈ womenslegalcentre.ca/seeking-a-peace-bond ’ਤੇ ਜਾਉ।









WOMEN'S LEGAL CENTRE

ਰਾਈਜ਼ ਵਿਮਨਜ਼ ਲੀਗਲ ਸੈਂਟਰ ਇਕ ਕਮਿਊਨਟੀ ਲੀਗਲ ਸੈਂਟਰ ਹੈ ਜਿਹੜਾ ਅਜਿਹੀਆਂ ਪਹੁੰਚਯੋਗ ਕਾਨੂੰਨੀ ਸੇਵਾਵਾਂ ਤਿਆਰ ਕਰਨ ਦੇ ਯਤਨ ਕਰ ਰਿਹਾ ਹੈ ਜਿਹੜੀਆਂ ਸਵੈ-ਪਛਾਣ ਕਰਨ ਵਾਲੀਆਂ ਔਰਤਾਂ ਦੀਆਂ ਵੱਖਰੀਆਂ ਲੋੜਾਂ ਪੂਰੀਆਂ ਕਰਦੀਆਂ ਹਨ ਖਾਸ ਕਰਕੇ ਉਨ੍ਹਾਂ ਔਰਤਾਂ ਦੀਆਂ ਜਿਹੜੀਆਂ ਹਿੰਸਾ, ਬੁਰੇ ਵਰਤਾਉ ਅਤੇ ਨਾਬਰਾਬਰ ਤਾਕਤ ਦਾ ਸ਼ਿਕਾਰ ਹੋਈਆਂ ਹਨ।

ਰਾਈਜ਼ ਬਾਰੇ ਹੋਰ ਜਾਣਕਾਰੀ ਲਈ **womenslegalcentre.ca** ’ਤੇ ਜਾਉ।

ਰਾਈਜ਼ ਵਿਮਨਜ਼ ਲੀਗਲ ਸੈਂਟਰ ਸਤਿਕਾਰ ਨਾਲ ਇਹ ਪ੍ਰਵਾਨ ਕਰਦਾ ਹੈ ਕਿ ਸਾਡਾ Skwxwu7mesh (ਸੁਕਾਮਿਸ਼), Tsleil-Waututh (ਬੁਰਾਰਡ), ਅਤੇ xʷməθkʷəy̓əm (ਮਸਕੁਈਮ) ਕੌਮਾਂ ਦੇ ਰਵਾਇਤੀ, ਜੱਦੀ ਅਤੇ ਨਾ ਤਿਆਗੇ ਗਏ ਇਲਾਕਿਆਂ ਉੱਪਰ ਹੁੰਦਾ ਹੈ।

ਜਨਵਰੀ 2023